ੴ ਵਾਹਿਗੁਰੂ ਜੀ ਕੀ ਫ਼ਤਹਿ॥

# ਗੁਰਮਤਿ ਪ੍ਰਸਾਰ ਪੱਤਰ

ਲੜੀ/ਅੰਕ ਨੰ: 15/10

ਅਕਤੂਬਰ 2015 – ਨਾਨਕਸ਼ਾਹੀ ਅੱਸੂ-ਕਤੱਕ ੫੪੭

## ਇਤਿਹਾਸਿਕ ਦਿਹਾੜੇ

### ਅਕਤੂਬਰ ਅਤੇ ਨਵੰਬਰ 2015

| | |
|---|---|
| ਗੁਰਗੱਦੀ ਸ੍ਰੀ ਗੁਰੂ ਅੰਗਦ ਦੇਵ ਜੀ | 2 ਅਕਤੂਬਰ |
| ਜੋਤੀ ਜੋਤ ਸ੍ਰੀ ਗੁਰੂ ਨਾਨਕ ਦੇਵ ਜੀ | 7 ਅਕਤੂਬਰ |
| ਜਨਮ ਬਾਬਾ ਬੁੱਢਾ ਜੀ (ਕੱਥੂ ਨੰਗਲ) | 23 ਅਕਤੂਬਰ |
| ਪ੍ਰਕਾਸ਼ ਪੂਰਬ ਸ੍ਰੀ ਗੁਰੂ ਰਾਮਦਾਸ ਜੀ | 29 ਅਕਤੂਬਰ |
| ਜੋਤੀ ਜੋਤ ਸ੍ਰੀ ਗੁਰੂ ਹਰਿਰਾਇ ਜੀ | 4 ਨਵੰਬਰ |
| ਗੁਰਗੱਦੀ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | 4 ਨਵੰਬਰ |
| ਬੰਦੀ ਛੋਡ ਦਿਵਸ (ਦੀਵਾਲੀ ) | 11 ਨਵੰਬਰ |
| ਗੁਰਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 13 ਨਵੰਬਰ |
| ਸ਼ਹੀਦੀ ਦਿਹਾੜਾ ਬਾਬਾ ਦੀਪ ਸਿੰਘ ਜੀ | 13 ਨਵੰਬਰ |
| ਜੋਤੀ ਜੋਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ | 16 ਨਵੰਬਰ |
| ਜਨਮ ਦਿਹਾੜਾ ਭਗਤ ਨਾਮਦੇਵ ਜੀ | 22 ਨਵੰਬਰ |
| ਪ੍ਰਕਾਸ਼ ਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ | 25 ਨਵੰਬਰ |

## ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.)

ਰਜਿਸਟਰਡ ਆਫਿਸ : #1444, ਸੈਕਟਰ 34-ਸੀ, ਚੰਡੀਗੜ੍ਹ ਫੋਨ: 98761-77803

ਕਾਰਜਕਾਰੀ ਦਫਤਰ : ਗੁਰਮਤਿ ਪ੍ਰਸਾਰ ਭਵਨ, ਛੱਜੂਮਾਜਰਾ ਰੋਡ,

ਸੰਨੀ ਇਨਕਲੇਵ ਦੇ ਸਾਹਮਣੇ, ਮੁੰਡੀ ਖਰੜ, ਫੋਨ: 0160-5009844, 94171-90438

Join us at Facebook or mail at : gurmatparsar7@gmail.com

## ਸਿੱਖ ਇਤਿਹਾਸ ਦੇ ਝਰੋਖੇ 'ਚ' ਅਕਤੂਬਰ

| | |
|---|---|
| 4 ਅਕਤੂਬਰ 1708 | ਗੁਰੂ ਗੋਬਿੰਦ ਸਿੰਘ ਜੀ ਨੇ ਬੰਦਾ ਸਿੰਘ ਬਹਾਦਰ ਨੂੰ ਖਾਲਸਾ ਪੰਥ ਦਾ ਜਥੇਦਾਰ ਥਾਪਿਆ। |
| 6 ਅਕਤੂਬਰ 1506 | ਜਨਮ ਦਿਵਸ ਬਾਬਾ ਬੁੱਢਾ ਜੀ। |
| 8 ਅਕਤੂਬਰ 1745 | ਭਾਈ ਤਾਰੂ ਸਿੰਘ ਜੀ ਦੀ ਖੋਪਰੀ ਲਾਹੀ ਗਈ। |
| 8 ਅਕਤੂਬਰ 1787 | ਜਨਮ ਦਿਵਸ ਮਹਾਂਕਵੀ ਭਾਈ ਸੰਤੋਖ ਸਿੰਘ ਜੀ। |
| 9 ਅਕਤੂਬਰ 1664 | ਗੁਰੂ ਲਾਧੋ ਰੇ ਦਿਵਸ। |
| 15 ਅਕਤੂਬਰ 1981 | ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਬਿਨਾ ਸ਼ਰਤ ਰਿਹਾ। |
| 15 ਅਕਤੂਬਰ 1992 | ਸੁਖਦੇਵ ਸਿੰਘ 'ਸੁੱਖਾ' ਅਤੇ ਹਰਜਿੰਦਰ ਸਿੰਘ 'ਜਿੰਦਾ' ਨੂੰ ਫਾਂਸੀ। |
| 16 ਅਕਤੂਬਰ 1670 | ਜਨਮ ਦਿਵਸ ਬਾਬਾ ਬੰਦਾ ਸਿੰਘ ਬਹਾਦਰ। |
| 19 ਅਕਤੂਬਰ 1843 | ਅਕਾਲ ਚਲਾਣਾ ਮਹਾਂਕਵੀ ਸੰਤੋਖ ਸਿੰਘ ਜੀ। |
| 20 ਅਕਤੂਬਰ 1783 | ਸ. ਜੱਸਾ ਸਿੰਘ ਆਹਲੂਵਾਲੀਆ ਦਾ ਅਕਾਲ ਚਲਾਣਾ। |
| 29 ਅਕਤੂਬਰ 1271 | ਜਨਮ ਦਿਵਸ ਭਗਤ ਨਾਮਦੇਵ ਜੀ। |
| 29 ਅਕਤੂਬਰ 1977 | ਪ੍ਰੋ. ਸਾਹਿਬ ਸਿੰਘ ਜੀ ਦਾ ਅਕਾਲ ਚਲਾਣਾ। |
| 30 ਅਕਤੂਬਰ 1902 | ਸਥਾਪਨਾ ਚੀਫ ਖਾਲਸਾ ਦੀਵਾਨ। |
| 30 ਅਕਤੂਬਰ 1922 | ਸਾਕਾ ਪੰਜਾ ਸਾਹਿਬ |

## 'ਕਬੀਰ ਮਾਨਸ ਜਨਮੁ ਦੁਲੰਭੁ ਹੈ'

ਬਲਵਿੰਦਰ ਸਿੰਘ 'ਸਾਗਰ'

ਮਨੁਖਾ ਜਨਮ ਅਮੋਲਕ ਹੈ। ਮਨੁਖਾ ਜਨਮ ਪ੍ਰਮੇਸ਼ਰ ਦੀ ਅਨਮੋਲ ਦੇਣ ਹੈ। ਗੁਰਬਾਣੀ ਵਿੱਚ ਸਤਿਗੁਰੂ ਜੀ ਫੁਰਮਾਉਂਦੇ ਹਨ ਕਿ "ਇਸ ਦੇਹੀ ਕਉ ਸਿਮਰਹਿ ਦੇਵ" ਭਾਵ ਕਿ ਦੇਹੀ ਧਾਰਨ ਕਰਨ ਲਈ ਦੇਵਤੇ ਵੀ ਪ੍ਰਭੂ ਦੀ ਆਰਾਧਨਾ ਕਰਦੇ ਹਨ। ਦੇਵਤੇ ਵੀ ਮੁੜ ਸ਼ਰੀਰ ਧਾਰਨ ਕਰਨ ਦੀ ਪ੍ਰਬਲ ਇੱਛਾ ਰਖਦੇ ਹਨ। ਕਿਉਂਕਿ ਮਨੁਖਾ ਦੇਹੀ ਬਿਨਾ ਸਿਮਰਨ ਸੰਭਵ ਨਹੀਂ ਤੇ ਸਿਮਰਨ ਬਿਨਾਂ ਮੁਕਤੀ ਤੇ ਪ੍ਰਭੂ ਮਿਲਾਪ ਸੰਭਵ ਨਹੀਂ। ਸੋ ਮਨੁੱਖਾ ਦੇਹੀ ਇਤਨੀ ਮਹਤਵਪੂਰਨ ਹੈ। ਸਚਮੁਚ ਮਨੁਖਾ ਜਨਮ ਕਾਦਰ ਦੀ ਕੁਦਰਤ ਦਾ ਬੇਹਤਰੀਨ ਤੋਹਫਾ ਹੈ।

ਪਰ ਕੀ ਅਸੀਂ ਇਸਦਾ ਕਦੀ ਮੁਲਾਕਣ ਕੀਤਾ ਹੈ ? ਸਵੈ ਪੜਚੋਲ ਕੀਤੀ ਹੈ ? ਕੀ ਅਸੀਂ ਬੈਠ ਕੇ ਕਦੀ ਸੋਚਿਆ ਹੈ ਕਿ ਸਾਡੇ ਪਾਸ ਮਨੁਖਾ ਜਨਮ ਕਿੰਨਾ ਕੀਮਤੀ ਹੈ ? ਅਸੀਂ ਵਾਹਿਗੁਰੂ ਜੀ ਦੀ ਇਸ ਅਨਮੋਲ ਦਾਤ ਨੂੰ ਕਿਸ ਤਰ੍ਹਾਂ ਵਰਤ ਰਹੇ ਹਾਂ ? ਕੀ ਅਸੀਂ ਇਸ ਰਤਨ ਜਨਮ ਦੀ ਠੀਕ ਵਰਤੋਂ ਕਰਦੇ ਹਾਂ ? ਸਾਨੂੰ ਕਿਸ ਮੰਤਵ ਲਈ ਇਹ ਮਨੁਖਾ ਜਨਮ ਪ੍ਰਾਪਤ ਹੋਇਆ ਹੈ ? ਆਓ, ਗੁਰਬਾਣੀ ਰਾਹੀਂ ਇਸ ਗਲ ਨੂੰ ਜਾਨਣ ਅਤੇ ਸਮਝਣ ਦਾ ਯਤਨ ਕਰੀਏ।

ਗੁਰਬਾਣੀ ਸਾਨੂੰ ਸੋਧ ਬਖਸ਼ਦੀ ਹੈ ਕਿ ਮਨੁਖਾ ਜੀਵਨ ਬੜੇ ਭਾਗਾਂ ਨਾਲ, ਵਾਹਿਗੁਰੂ ਜੀ ਦੀ ਕ੍ਰਿਪਾ ਸਦਕਾ ਹੀ ਪ੍ਰਾਪਤ ਹੋਇਆ। ਉਹ ਵੀ ੮੪ ਲੱਖ ਜੋਨੀ ਭ੍ਰਮਣ ਤੋਂ ਬਾਦ। ਸਤਿਗੁਰੂ ਜੀ ਫੁਰਮਾਣ ਕਰਦੇ ਹਨ ਕਿ

"ਲਖ ਚਉਰਾਸੀਹ ਭ੍ਰਮਤੇ ਭ੍ਰਮਤੇ ਦੁਲਭ ਜਨਮ ਅਬ ਪਾਇਓ"। (ਅੰਗ . ੧੦੧੭)

ਗੁਰੂ ਅਮਰਦਾਸ ਜੀ ਸਿਰੀ ਰਾਗ ਵਿਚ ਫਰਮਾਉਂਦੇ ਹਨ

"ਲਖ ਚਉਰਾਸੀਹ ਭਰਮਦੇ ਭ੍ਰਮਿ ਭ੍ਰਮਿ ਹੋਇ ਖੁਆਰੁ" । (ਅੰਗ . ੨੭)

ਭਾਵ ਕਿ ਇਹ ਜੀਵ ਆਤਮਾ 84 ਲਖ ਜੋਨੀ 'ਚ'ਖੁਆਰ ਹੁੰਦੀ ਰਹੀ । 84 ਲੱਖ ਜੂਨੀ ਵਿੱਚ ਭਟਕਦੀ ਰਹੀ । ਕਦੀ ਕੀਟ, ਕਦੀ ਪੰਤਗਾ, ਕਦੀ ਪਸ਼ੂ, ਕਦੀ ਪੰਛੀ, ਕਦੀ ਪਰਿੰਦਾ, ਕਦੀ ਬਿਸ਼ਟਾ ਦਾ ਕੀੜਾ, ਕਦੀ ਪਥੱਰ ਵਗੈਰਾ। ਕਿੰਨਾ ਗੰਦਗੀ ਤੇ ਜ਼ਿਲੱਤ ਭਰਿਆ ਜੀਵਨ ਹੁੰਦਾ ਹੈ । ਇਸ ਮੁਸ਼ਕਲ ਦੀ ਘੜੀ ਵਿੱਚ ਜੀਵ ਆਤਮਾ ਪ੍ਰਭੂ ਤੋਂ ਇਸ ਗੰਦਗੀ ਭਰੇ ਜੀਵਨ ਤੋਂ ਛੁਟਕਾਰਾ ਮੰਗਦੀ ਹੈ । ਇਸ ਦਾ ਜ਼ਿਕਰ ਧੰਨ ਗੁਰੂ ਨਾਨਕ ਪਿਤਾ ਜੀ ਨੇ ਰਾਗ ਆਸਾ ਵਿੱਚ ਅੰਗ 432 ਤੇ ਕੀਤਾ ਹੈ । ਆਪ ਕਿਰਪਾ ਕਰਦੇ ਹਨ;

ਜਜੈ ਜਾਨੁ ਮੰਗਤ ਜਨੁ ਜਾਚੈ ਲਖ ਚਉਰਾਸੀਹ ਭੀਖ ਭਵਿਆ।। (ਅੰਗ ੪੩੨)

ਇਹ ਜੀਵ ਆਤਮਾ ਚਉਰਾਸੀ ਦੇ ਚੱਕਰ ਵਿੱਚ ਪ੍ਰਮੇਸ਼ਰ ਤੋਂ ਮਨੁਖਾ ਜਨਮ ਦੀ ਭੀਖ ਮੰਗਦੀ ਹੈ । ਫਿਰ ਪ੍ਰਮੇਸ਼ਰ ਮਿਹਰ ਦੇ ਘਰ ਵਿੱਚ ਆ ਕੇ, ਤਰਸ ਕਰਕੇ, ਕਿਰਪਾ ਸਾਗਰ ਹੋ ਕਰਕੇ, ਗੁਨਾਹ ਬਖਸ਼ ਕੇ ਜੀਵ ਨੂੰ ਮਨੁਖਾ ਜਨਮ ਬਖਸ਼ਦਾ ਹੈ । ਭਗਤ ਰਵਿਦਾਸ ਜੀ ਰਾਗ ਸੋਰਠ ਵਿਚ ਸਮਝਾਉਂਦੇ ਹਨ:

"ਦੁਲਭ ਜਨਮੁ ਪੁੰਨ ਫਲ ਪਾਇਓ"। (ਅੰਗ ੬੫੮)

ਕਬੀਰ ਜੀ ਫੁਰਮਾਉਂਦੇ ਹਨ :

"ਕਬੀਰ ਮਾਨਸ ਜਨਮੁ ਦੁੰਲਭੁ ਹੈ ਹੋਇ ਨ ਬਾਰੈ ਬਾਰ" (ਅੰਗ ੧੩੬੪)

ਹੋਰ ਅਨੇਕਾ ਐਸੇ ਪ੍ਰਮਾਣ ਗੁਰਬਾਣੀ ਵਿੱਚ ਸਾਨੂੰ ਮਿਲਦੇ ਹਨ ਜਿਸਤੋਂ ਸਾਨੂੰ ਸਮਝ ਲਗਦੀ ਹੈ ਕਿ ਮਨੁਖਾ ਜਨਮ ਦੁਰਲੱਭ ਹੈ । ਅਮੋਲ ਹੈ । ਵਾਹਿਗੁਰੂ ਅਕਾਲ ਪੁਰਖ ਦੀ ਦਾਤ ਹੈ । ਬਖਸ਼ਿਸ਼ ਹੈ । ਆਓ, ਆਪਣੇ ਆਪ ਨੂੰ ਪੁਛੀਏ ਕਿ ਅਸੀਂ ਇਸ ਅਨਮੋਲ ਰਤਨ ਦੀ ਵਰਤੋ ਕਿਵੇ ਕਰਦੇ ਹਾਂ ? ਇਸਦੀ ਸਹੀ ਵਰਤੋਂ ਕੀ ਹੈ ? ਮਨੁਖਾ ਜਨਮ ਦਾ ਕੀ ਮੰਤਵ ਹੈ ? ਕੀ ਮਨੋਰਥ ਹੈ ? ਆਓ ਗੁਰਬਾਣੀ ਦੇ ਨਉਨਿਧਿ ਭੰਡਾਰ ਵਿੱਚੋਂ ਇਸ ਨੂੰ ਜਾਨਣ ਦਾ ਯਤਨ ਕਰੀਏ । ਅਸੀਂ ਰੋਜ਼ ਸ਼ਾਮ ਨੂੰ ਰਹਿਰਾਸ ਦੇ ਪਾਠ ਵਿੱਚ ਪੰਚਮ ਪਿਤਾ ਜੀ ਦੇ ਮਹਾਂਬੋਲ ਪੜ੍ਹਦੇ ਸੁਣਦੇ ਹਾਂ ,

"ਭਈ ਪਰਾਪਤਿ ਮਾਨੁਖ ਦੇਹੁਰੀਆ ।
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ਅਵਰਿ ਕਾਜ ਤੇਰੈ ਕਿਤੈ ਨ ਕਾਮ ।
ਮਿਲੁ ਸਾਧਸੰਗਤਿ ਭਜੁ ਕੇਵਲ ਨਾਮ । (ਅੰਗ ੧੨)

ਧੰਨ ਗੁਰੂ ਅਰਜਨ ਦੇਵ ਪਾਤਸ਼ਾਹ ਰਾਗ ਸਾਰਗ ਵਿੱਚ ਦਰਜ ਸ਼ਬਦ ਵਿੱਚ ਸਾਨੂੰ ਸਮਝਾਉਂਦੇ ਹਨ ਕਿ

ਆਇਓ ਸੁਨਨ ਪੜਨ ਕਉ ਬਾਣੀ
ਨਾਮੁ ਵਿਸਾਰਿ ਲਗਹਿ ਅਨ ਲਾਲਚਿ ਬਿਰਥਾ ਜਨਮੁ ਪਰਾਣੀ"। ( ਅੰਗ ੧੨੧੯ )

ਉਪਰੋਕਤ ਤੁਕਾਂ ਤੋਂ ਸਪਸ਼ਟ ਹੈ ਕਿ ਮਨੁਖਾ ਜਨਮ ਦਾ ਮੰਤਵ ਕੇਵਲ ਅਤੇ ਕੇਵਲ ਨਾਮ ਜਪਣਾ ਹੈ। ਗੁਰਮਤਿ ਅਨੁਸਾਰ ਜੀਵਨ ਜਿਉਣਾ ਹੈ । ਜਦੋਂ ਦੇਵਤਿਆਂ ਨੇ ਵੀ ਦੇਹੀ ਦਾ ਦਾਨ ਮੰਗਿਆ ਤਾਂ ਉਨ੍ਹਾਂ ਨੇ ਵੀ ਆਪਣਾ ਮਕਸਦ, ਮੰਤਵ ਸਪਸ਼ਟ ਕੀਤਾ । ਭਗਤ ਕਬੀਰ ਜੀ ਦੇ ਪਵਿਤਰ ਮਹਾਂਬੋਲ ਰਾਗ ਭੈਰਓ ਵਿੱਚ ਅੰਗ ੧੧੫੯ ਸਾਡਾ ਮਾਰਗ ਦਰਸ਼ਨ ਕਰਦੇ ਹਨ ;

ਇਸ ਦੇਹੀ ਕਉ ਸਿਮਰਹਿ ਦੇਵ । ਸੋ ਦੇਹੀ ਭਜੁ ਹਰਿ ਦੀ ਸੇਵ । (ਅੰਗ ੧੧੫੯)

ਭਜਹੁ ਗੋਬਿੰਦ ਭੂਲਿ ਮਤ ਜਾਹੁ । ਮਾਨਸ ਜਨਮ ਦਾ ਏਹੀ ਲਾਹੁ ।।

ਸਪਸ਼ਟ ਤੌਰ ਤੇ ਮਨੁਖਾ ਜਨਮ ਦਾ ਮੰਤਵ ਗੁਰਮਤਿ ਅਨੁਸਾਰ ਜੀਵਨ ਜਿਉਣਾ ਅਤੇ ਨਾਮ ਜਪ ਕੇ ਪ੍ਰਭੂ ਨਾਲ ਇੱਕ ਮਿੱਕ ਹੋਣਾ ਹੈ । ਪ੍ਰਭੂ ਮਿਲਾਪ ਹੀ ਸਾਨੂੰ ਚਉਰਾਸੀਹ ਦੇ ਜਨਮ ਮਰਣ ਚੋ ਕਢ ਸਕਦਾ ਹੈ । ਸੋ ਨਾਮ ਜਪਣਾ ਹੀ ਮਨੁਖਾ ਜੀਵਨ ਦਾ ਮਨੋਰਥ ਹੈ ਇਸ ਤੋਂ ਬਿਨਾ ਜੀਵਨ ਬਿਰਥਾ ਹੈ । ਬੇਕਾਰ ਹੈ । ਪਸ਼ੂ ਹੈ । ਗੁਰੂ ਜੀ ਤਾਂ ਇਥੋਂ ਤੱਕ ਸੁਚੇਤ ਕਰਦੇ ਹਨ ਕਿ ਨਾਮ ਨ ਜਪਣਾ ਆਤਮਘਾਤ ਹੈ। ਧੰਨ ਗੁਰੂ ਅਰਜਨ ਦੇਵ ਜੀ ਰਾਗ ਗਉੜੀ ਵਿੱਚ ਅੰਗ ੧੮੮ ਤੇ ਸਮਝਾਉਂਦੇ ਹਨ ,

ਦੁਲਭ ਦੇਹ ਪਾਈ ਵਡਭਾਗੀ ।ਨਾਮੁ ਨ ਜਪਹਿ ਤੇ ਆਤਮ ਘਾਤੀ ।

ਮਰਿ ਨ ਜਾਹੀ ਜਿਨਾ ਬਿਸਰਤ ਰਾਮ। ਨਾਮ ਬਿਹੂਨ ਜੀਵਨ ਕਉਨ ਕਾਮ ।(ਅੰਗ ੧੮੮)

ਧੰਨ ਗੁਰੁ ਅਮਰਦਾਸ ਜੀ ਰਾਗ ਵਡਹੰਸ ਵਿਚ ਪੰਨਾ ੫੬੯ ਤੇ ਕਿਰਪਾ ਕਰਦੇ ਹਨ ;

"ਮਨ ਮੇਰਿਆ ਜਨਮ ਪਦਾਰਥੁ ਪਾਇ ਕੈ ਇਕਿ ਸਚਿ ਲਗੇ ਵਾਪਾਰਾ । (ਅੰਗ ੫੬੯)

ਅਤੇ

ਹਉਮੈ ਮਾਰਿ ਸਚਿ ਸਬਦਿ ਸਮਾਣੇ, ਸਚਿ ਰਤੇ ਅਧਿਕਾਈ ।
ਨਾਨਕ ਮਾਣਸ ਜਨਮੁ ਦੁਲੰਭੁ ਹੈ ਸਤਿਗੁਰਿ ਬੂਝ ਬੁਝਾਈ ।। (ਅੰਗ ੫੬੯)

ਇਕ ਕਵੀ ਨੇ ਬਹੁਤ ਸੁੰਦਰ ਲਿਖਿਆ ਹੈ ਕਿ

ਜਿੰਦਗੀ ਦਾ ਅਸਲ ਮਕਸਦ ਬੰਦਗੀ , ਬਿਨ ਬੰਦਗੀ ਹੈ ਜਿੰਦਗੀ ਸ਼ਰਮਿੰਦਗੀ ।।

ਪਰ ਅਫਸੋਸ , ਸਾਨੂੰ ਹੋਰ ਸਭ ਕੁਝ ਤਾਂ ਯਾਦ ਹੈ ਪਰੰਤੂ ਨਾਮ ਸਿਮਰਨ ਯਾਦ ਨਹੀ ਹੈ । ਇਸਨੂੰ ਅਸੀ ਯਾਂ ਤਾਂ ਮਹੱਤਵ ਹੀ ਨਹੀ ਦਿੰਦੇ ਯਾ ਫਿਰ ਜਦੋਂ ਲੋੜ ਹੋਵੇ ਉਦੋਂ ਯਾਦ ਕਰ ਲੈਂਦੇ ਹਾਂ । ਸਿਮਰਨ ਜੀਵਨ ਦਾ ਮੁਖ ਅੰਗ ਬਣ ਜਾਵੇ ਤਾਂ ਹੀ ਮਨੁਖਾ ਜਨਮ ਦਾ ਕੁਝ ਬਣੇਗਾ । ਜੇ ਮਨੁਖਾ ਜਨਮ ਵਿੱਚ ਸਿਮਰਨ ਨਹੀ ਕੀਤਾ ਤਾਂ ਫਿਰ ਕਦੋਂ ਕਰੇਂਗਾ ? ਭਗਤ ਕਬੀਰ ਜੀ ਦੇ ਮਹਾਬੋਲ ਹਨ;

ਰਾਗ ਗੂਜਰੀ ਵਿਚ ਭਗਤ ਕਬੀਰ ਜੀ (੫੨੪) ਅੰਗ ਤੇ ਫੁਰਮਾਣ ਕਰਦੇ ਹਨ ,

"ਅਬ ਨ ਭਜਸਿ ਭਜਸਿ ਕਬ ਭਾਈ ਆਵੈ ਅੰਤ ਨ ਭਜਿਆ ਜਾਈ "(ਅੰਗ ੫੨੪)

ਹੋਰ ਫਰਮਾਉਂਦੇ ਹਨ ਕਿ

"ਚਾਰਿ ਪਾਵ ਦੁਇ ਸਿੰਗ ਗੁੰਗ ਮੁਖ ਤਬ ਕੈਸੇ ਗੁਨ ਗਈ ਹੈ" ...(ਅੰਗ ੫੨੪)

ਅਤੇ ਪਸ਼ੂ ਜੋਨੀ ਵਿੱਚ ਤੇਰਾ ਇਹ ਹਾਲ ਹੋਵੇਗਾ ਕਿ

"ਊਠਤ ਬੈਠਤ ਠੇਗਾ ਪਰਿਹੈ, ਤਬ ਕਤ ਮੂਡ ਲੁਕਈਹੈ" (ਅੰਗ ੫੨੪)

ਸੋ ਇਹੀ ਸਮਾਂ ਹੈ ਜਿਸਨੂੰ ਸੰਭਾਲਣ ਦੀ ਲੋੜ ਹੈ । ਗੁਰਬਾਣੀ ਦਾ ਫੁਰਮਾਣ ਹੈ:

"ਇਹੀ ਤੇਰਾ ਅਉਸਰੁ ਇਹ ਤੇਰੀ ਬਾਰ। ਘਟ ਭਤਿਰਿ ਤੂ ਦੇਖੁ ਬਿਚਾਰਿ। (ਅੰਗ ੧੧੫੯)

ਆਓ ਰਤਨ ਜਨਮ ਦੀ ਸੰਭਾਲ ਕਰੀਏ । ਗੁਰਮਤਿ ਅਨੁਸਾਰ ਜੀਵਨ ਜਿਉਣ ਅਤੇ ਸਿਮਰਨ ਕਰਨ ਦਾ ਸੰਕਲਪ ਕਰੀਏ ।

# ਗੁਰਪ੍ਰਸਾਦਿ

ਪ੍ਰਿੰਸੀਪਲ ਨਰਿੰਦਰ ਬੀਰ ਸਿੰਘ

ਸੰਸਾਰ ਦੇ ਸਾਰੇ ਧਰਮ ਕਰਮ ਫਿਲਾਸਫੀ ਤੇ ਆਧਾਰਿਤ ਹਨ । ਉਨ੍ਹਾਂ ਦੀ ਸੋਚ ਅਨੁਸਾਰ ਚੰਗੇ ਕਰਮ ਕਰਨ ਨਾਲ ਭੈੜੇ ਕਰਮਾਂ ਨੂੰ ਖਤਮ ਕੀਤਾ ਜਾ ਸਕਦਾ ਹੈ, ਜੀਵਨ ਸਫਲ ਕੀਤਾ ਜਾ ਸਕਦਾ ਹੈ । ਕਰਮ ਫਿਲਾਸਫੀ ਮਨੁਖ ਦੀ "ਮੈਂ" ਤੇ ਖੜੀ ਹੈ । ਮੈਂ ਦੀ ਹੋਂਦ ਐਸੀ ਹੋਂਦ ਹੈ ਜਿਹੜੀ ਮਨੁਖ ਨੂੰ ਰੱਬ ਤੋਂ ਦੂਰ ਕਰਦੀ ਹੈ । ਏਸੇ ਲਈ ਬਾਣੀ ਦਾ ਫੁਰਮਾਣ ਹੈ ਕਿ

ਜਬ ਲਗੁ ਜਾਨੈ ਮੁਝ ਤੇ ਕਛੁ ਹੋਇ ॥ ਤਬ ਇਸ ਕਉ ਸੁਖੁ ਨਾਹੀ ਕੋਇ ॥

ਜਬ ਇਹ ਜਾਨੈ ਮੈ ਕਿਛੁ ਕਰਤਾ ॥ ਤਬ ਲਗੁ ਗਰਭ ਜੋਨਿ ਮਹਿ ਫਿਰਤਾ ॥ (ਅੰਕ ੨੭੮)

ਅਥਵਾ

ਹਉਮੈ ਦੀਰਘ ਰੋਗ ਹੈ ਦਾਰੂ ਭੀ ਇਸੁ ਮਾਹਿ ॥

ਕਿਰਪਾ ਕਰੇ ਜੇ ਆਪਣੀ, ਤਾ ਗੁਰ ਕਾ ਸਬਦੁ ਕਮਾਹਿ ॥ (ਅੰਕ ੪੬੬)

ਇਕ ਗਲ ਚੇਤੇ ਰਹੇ ਕਿ ਮੈਂ ਨਾਲ ਕੀਤੇ ਕਰਮ ਕਦੀ ਵੀ ਤੱਕੜੀ ਤੇ ਤੋਲ ਕੇ ਚੰਗੇ ਮੰਦੇ ਬਰਾਬਰ ਨਹੀ ਹੋ ਸਕਦੇ । ਦੂਸਰਾ ਮੈਂ ਦੇ ਆਧਾਰ ਤੇ ਕੀਤੇ ਕਰਮ ਹਮੇਸ਼ਾ ਦ੍ਰਿਸ਼ਟਮਾਨ ਹੁੰਦੇ ਹਨ । ਜਿਵੇਂ ਪੁੰਨ, ਦਾਨ, ਤੀਰਥ ਇਸ਼ਨਾਨ, ਜੱਗ ਹੋਮ ਅਤੇ ਹੋਰ ਅਨੇਕ ਐਸੀਆਂ ਕਿਰਿਆਵਾਂ । ਇਹ ਕਰਮ ਹਮੇਸ਼ਾ ਸੰਸਾਰੀ ਮਨੁਖਾਂ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਇਹੋ ਜਿਹੇ ਕੀਤੇ ਕਰਮਾਂ ਦੀ ਸੰਸਾਰ ਸ਼ੋਭਾ ਵੀ ਕਰਦਾ ਹੈ । ਇਸ ਸ਼ੋਭਾ ਦਾ ਅਸਰ ਮਨੁਖ ਦੇ ਮਨ ਤੇ ਪੈਂਦਾ ਹੈ ਅਤੇ ਉਹ ਉਸਨੂੰ ਹੋਰ ਹੰਕਾਰੀ ਬਣਾ ਦਿੰਦਾ ਹੈ । ਇਸ ਪ੍ਰਕਾਰ ਮਨੁਖ ਵਾਹਿਗੁਰੂ ਨੂੰ ਭੁਲ ਕੇ ਆਪਣੇ ਆਪ ਨੂੰ ਕਰਤਾ ਸਮਝਦਾ ਹੈ । ਇਹ ਕਰਤਾ ਭਾਵ ਹੀ ਮਨੁਖ ਤੇ ਅਕਾਲ ਪੁਰਖ ਦੇ ਮਿਲਾਪ ਵਿਚ ਸਭ ਤੋਂ ਵਡਾ ਰੋੜਾ ਹੈ ।

ਜੇ ਕਰਮ ਕਰਨ ਦੇ ਸਿਧਾਂਤ ਨੂੰ ਗੁਰਮਤਿ ਦੀ ਕਸਵਟੀ ਤੇ ਵਾਚਨ ਦਾ ਯਤਨ ਕਰੀਏ ਤਾਂ ਇਹ ਗਲ ਸਪਸ਼ਟ ਹੋਵੇਗੀ ਕਿ ਕਰਤਾ ਕੇਵਲ ਤੇ ਕੇਵਲ ਵਾਹਿਗੁਰੂ ਅਕਾਲਪੁਰਖ ਹੀ ਹੈ । ਇਸ ਸਿਧਾਂਤ ਨੂੰ ਗੁਰੂ ਨਾਨਕ ਪਾਤਸ਼ਾਹ ਨੇ ਜਪੁ ਜੀ ਸਾਹਿਬ ਦੀ ਆਰੰਭਤਾ ਵਿੱਚ ਇਸ ਪ੍ਰਕਾਰ ਬਖਸ਼ਿਸ਼ ਕੀਤਾ ਹੈ ।

ੴ ਸਤਿ ਨਾਮੁ ਕਰਤਾ ਪੁਰਖੁ

ਵਾਹਿਗੁਰੂ ਅਕਾਲ ਪੁਰਖ ਇੱਕ ਹੈ। ਸਾਰਾ ਦ੍ਰਿਸ਼ਟਮਾਨ ਉਸਦਾ ਪਾਸਾਰਾ ਹੈ । ਉਹ ਸਤ ਹੋਂਦ ਵਾਲਾ ਹੈ ਸਦੀਵੀ ਹੈ, ਅਬਿਨਾਮੀ ਹੈ। ਉਹ ਆਪ ਕਰਤਾ ਹੈ, ਅਤੇ ਸਾਰੀ ਸ੍ਰਿਸ਼ਟੀ ਵਿੱਚ ਪੂਰਿਆ ਹੋਇਆ ਹੈ । ਆਸਾ ਦੀ ਵਾਰ ਦੀ ਪਹਿਲੀ ਪਉੜੀ ਵਿੱਚ ਹੀ ਇਹ ਸਿਧਾਂਤ ਸਾਫ ਹੋ ਜਾਂਦਾ ਹੈ ।

ਆਪੀਨੈ ਆਪੁ ਸਾਜਿਓ, ਆਪੀਨੈ ਰਚਿਓ ਨਾਉ

ਦੁਯੀ ਕੁਦਰਤਿ ਸਾਜੀਐ, ਕਰਿ ਆਸਣੁ ਡਿਠੋ ਚਾਉ ॥ (ਅੰਕ ੪੬੩)

ਉਪਰੋਕਤ ਤੋਂ ਸਪਸ਼ਟ ਹੈ ਕਿ ਸੰਸਾਰ ਵਿੱਚ ਜੋ ਕੁਝ ਵੀ ਹੋ ਰਿਹਾ ਹੈ ਉਹ ਕਰਤਾ ਪੁਰਖ ਕਰਕੇ ਹੋ ਰਿਹਾ ਹੈ । ਮਨੁਖ ਤਾਂ ਕੇਵਲ ਵਾਹਿਗੁਰੂ ਦੀ ਇਕ ਕਟਪੁਤਲੀ ਹੈ । ਉਹ ਜਿਵੇਂ ਕਿਸੇ ਨੂੰ

ਨਚਾਉਂਦਾ ਹੈ ਤਿਵੇ ਕੋਈ ਨਚਦਾ ਹੈ – ਅਰਥਾਤ  ਉਹੋ ਜਿਹੇ ਕਰਮ ਕਰਦਾ ਹੈ ।

ਪਰ ਇਹ ਸਿਧਾਂਤ ਮਨੁਖ ਦੀ ਸੁਰਤਿ ਵਿੱਚ ਕਦੇ ਨਹੀ ਸਮਾਉਦਾ ਅਤੇ ਉਹ ਹਰ ਕੀਤੇ ਕਰਮ ਨੂੰ ਅਪਣੇ ਨਾਲ ਜੋੜ ਕੇ ਅਪਣੇ ਆਪ ਨੂੰ ਕਰਤਾ ਪ੍ਰਗਟ ਕਰਦਾ ਹੈ ।

ਗੁਰਬਾਣੀ ਮਨੁਖ ਨੂੰ ਇਹ ਸੋਝੀ ਬਖਸ਼ਦੀ ਹੈ ਕਿ ਹੇ ਮਨੁਖ, ਤੇਰਾ ਕੰਮ ਉਦਮ ਕਰਨਾ ਹੈ ਤੇ ਉਸਦਾ ਫਲ ਵਾਹਿਗੁਰੂ ਕੇ ਹਥ ਵਿੱਚ ਹੈ ।

ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥

ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ॥ (ਅੰਕ ੫੨੨)

ਉਪਰੋਕਤ ਕਰਮ ਕਰਦਿਆਂ ਤੈਨੂੰ ਵਿਸ਼ਵਾਸ਼ ਹੋਵੇ ਕਿ ਕਰਨ ਵਾਲਾ ਵਾਹਿਗੁਰੂ ਹੈ । ਉਸ ਦੀ ਜੋਤਿ ਹੀ ਮੇਰੇ ਅੰਦਰ ਸਭ ਕੁਝ ਕਰ ਰਹੀ ਹੈ ਜੋ ਕੁਝ ਮੈਥੋਂ ਹੋ ਰਿਹਾ ਹੈ, ਉਹ ਸਭ ਉਸ ਵਾਹਿਗੁਰੂ ਜੀ ਦੀ ਕਿਰਪਾ ਹੈ ਗੁਰਪਰਸਾਦ ਹੈ। ਗੁਰਮਤਿ ਦਾ ਸਿਧਾਂਤ ਕਰਮ ਕਰਦਿਆਂ ਵਾਹਿਗੁਰੂ ਦੀ ਕਿਰਪਾ ਦਾ ਪਾਤਰ ਬਣਨਾ ਹੈ । ਇਸ ਤਰੀਕੇ ਨਾਲ ਕਰਮ ਕਰਦਿਆਂ ਮਨੁਖ ਦੇ ਅੰਦਰ ਅੰਹਕਾਰ ਦੀ ਭਾਵਨਾ ਨਹੀ ਬਣਦੀ । ਅੰਹਕਾਰ ਤੋਂ ਛੁਟਕਾਰਾ ਪਾਕੇ ਵਾਹਿਗੁਰੂ ਵਿੱਚ ਲੀਨ ਹੋਣ ਦਾ ਇਕੋ ਇਕ ਰਾਹ/ਤਰੀਕਾ ਹੈ ਗੁਰਪਰਸਾਦ ।

ਗੁਰ ਪਰਸਾਦੀ ਬੂਝਿ ਲੇ ਤਉ ਹੋਇ ਨਿਬੇਰਾ ॥

ਘਰਿ ਘਰਿ ਨਾਮੁ ਨਿਰੰਜਨਾ ਸੋ ਠਾਕੁਰੁ ਮੇਰਾ ॥ (ਅੰਕ ੨੨੯)

ਗੁਰ ਪਰਸਾਦੀ ਬੁਝੀਐ ਤਾ ਪਾਏ ਮੋਖ ਦੁਆਰੁ ॥ (ਅੰਕ ੩੬)

ਮੁਹਤੁ ਨ ਚਸਾ ਵਿਲੰਮੁ, ਭਰੀਐ ਪਾਈਐ ॥

ਗੁਰ ਪ੍ਰਸਾਦੀ ਬੁਝਿ ਸਚਿ ਸਮਾਈਐ ॥ (ਅੰਕ ੧੪੭)

ਹਰਿ ਨਾਮਾ ਜਸੁ ਜਾਚਉ ਨਾਉ ॥

ਗੁਰਪਰਸਾਦੀ ਬ੍ਰਹਮਿ ਸਮਾਉ ॥ (ਅੰਕ ੩੫੫)

ਇਸ ਪ੍ਰਕਾਰ ਸੰਸਾਰ ਦੀ ਕਰਮ ਫਿਲਾਸਫੀ ਮੈਂ ਤੇ ਖੜੀ ਹੈ ਅਤੇ ਗੁਰਮਤਿ ਦੀ ਕਰਮ ਫਿਲਾਸਫੀ ਤੂੰ, ਗੁਰਪਰਸਾਦ ਤੇ ਆਧਾਰਿਤ ਹੈ । ਮੈਂ ਕਰਤਾ ਬਣ ਕੇ ਕਦੀ ਵੀ ਪ੍ਰਮਾਤਮਾ ਵਿਚ ਲੀਨ ਨਹੀ ਹੋ ਸਕਦਾ ਅਤੇ ਪਰਮਾਤਮਾ ਨੂੰ ਕਰਤਾ ਸਮਝ ਕੇ ਮੈਂ ਨੂੰ ਮਿਟਾ ਅਕਾਲਪੁਰਖ ਵਿਚ ਲੀਨ ਹੋਣਾ ਹੈ। ਇਹੀ ਹੈ ਗੁਰਪਰਸਾਦ ਦਾ ਸਿਧਾਂਤ ਜਿਸਨੂੰ ਗੁਰਸਿਖ ਨੇ ਅਪਣੇ ਜੀਵਨ ਵਿਚ ਕਮਾਉਣਾ ਹੈ । ਕਬੀਰ ਜੀ ਇਉ ਫੁਰਮਾਉਦੇਂ ਨੇ

ਕਬੀਰ ਤੂੰ ਤੂੰ ਕਰਤਾ ਤੂ ਹੂਆ, ਮੁਝ ਮਹਿ ਰਹਾ ਨ ਹੂ ॥

ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥( ਅੰਕ ੧੩੨੫)

# ਰੰਗਰੇਟਾ- ਗੁਰੂ ਕਾ ਬੇਟਾ

ਬਲਵਿੰਦਰ ਸਿੰਘ 'ਸਾਗਰ'

ਗੁਰੂ ਕਾਲ ਦੇ ਇਤਿਹਾਸ ਵਿੱਚ ਜਿਥੇ ਸਿਖਾਂ ਦੀ ਗੁਰੂ ਪ੍ਰਤੀ ਅਤੁਟ ਸ਼ਰਧਾ ਦੀਆਂ ਅਨੇਕਾਂ ਸਾਖੀਆਂ ਤੇ ਘਟਨਾਵਾ ਮੌਜੂਦ ਹਨ ਉਥੇ ਗੁਰੂ ਸਾਹਿਬਾਨਾ ਵਲੋਂ ਸਿਖਾਂ ਨੂੰ ਦਿੱਤੇ ਗਏ ਵਿਸ਼ੇਸ਼ ਸਤਿਕਾਰ ਬਾਰੇ ਵੀ ਅਨੇਕਾਂ ਘਟਨਾਵਾ ਮੌਜੂਦ ਹਨ । ਇਨ੍ਹਾਂ ਵਿਚੋਂ ਇਕ ਬਹੁਤ ਹੀ ਮਾਣਮਤੀ ਸ਼ਖਸੀਅਤ ਹੈ ਭਾਈ ਜੈਤਾ ਜੀ । ਜੋ ਕਿ ਖੰਡੇ ਦੀ ਪਾਹੁਲ ਪ੍ਰਾਪਤ ਕਰਨ ਤੋਂ ਬਾਅਦ ਭਾਈ ਜੀਵਨ ਸਿੰਘ ਦੇ ਨਾਮ ਨਾਲ ਜਾਣੇ ਜਾਂਦੇ ਹਨ ।

ਭਾਈ ਜੈਤਾ ਜੀ ਦਾ ਜਨਮ ਬਹੁਤ ਹੀ ਗਰੀਬ ਪਰਿਵਾਰ ਵਿੱਚ ਸੰਨ ੧੬੪੯ ਵਿੱਚ ਪਟਨੇ ਵਿਖੇ ਹੋਇਆ ।ਆਪ ਦੇ ਪਿਤਾ ਸਦਾਨੰਦ ਜੀ ਅਤੇ ਮਾਤਾ ਪ੍ਰੇਮੋ ਜੀ ਧਾਰਮਕ ਬਿਰਤੀ ਵਾਲੇ ਸਨ । ਭਾਈ ਜੈਤਾ ਜੀ ਤੇ ਉਨ੍ਹਾਂ ਦੇ ਭਰਾ ਭਾਈ ਭਾਗ ਚੰਦ ਜੀ ਬਾਬਾ ਗੁਰਦਿੱਤਾ ਜੀ ਦੇ ਸੰਪਰਕ ਵਿੱਚ ਆਏ। ਇਹ ਦੋਵੇ ਭਰਾ ਗੁਰੂ ਹਰਿ ਰਾਇ ਸਾਹਿਬ ਦੇ ਸਿਖ ਸਨ।ਗੁਰੂ ਹਰਿ ਰਾਇ ਸਾਹਿਬ ਦੇ ਪ੍ਰਤੀ ਅਥਾਹ ਪਿਆਰ ਤੇ ਸ਼ਰਧਾ ਰਖਦੇ ਸਨ । ਗੁਰੂ ਘਰ ਵਿੱਚ ਇਹ ਦੋਵੇ ਭਰਾ ਸਿਦਕੀ ਸਿਖਾਂ ਵਿੱਚੋਂ ਜਾਣੇ ਜਾਂਦੇ ਸਨ ।ਭਾਈ ਜੈਤਾ ਜੀ ਬਚਪਨ ਤੋਂ ਹੀ ਤੀਖਣ ਬੁਧੀ ਵਾਲੇ ਸਨ।ਆਪ ਸ਼ਸਤਰ ਵਿਦਿਆ, ਘੋੜ ਸਵਾਰੀ ਅਤੇ ਕੀਰਤਨ ਵਿਚ ਨਿਪੁੰਨ ਸਨ।ਆਪ ਜ਼ਹੀਨ ਹੋਣ ਦੇ ਨਾਲ ਨਾਲ ਬਹੁਤ ਫੁਰਤੀਲੇ ਵੀ ਸਨ।ਭਾਈ ਗੁਰਦਿੱਤਾ ਜੀ ਦੇ ਸੰਪਰਕ ਵਿੱਚ ਰਹਿਣ ਕਰਕੇ ਹੀ ਇਹ ਦੋਵੇ ਭਰਾ ਆਪਣੇ ਜੱਦੀ ਪਿੰਡ ਤੋਂ ਰਾਮਦਾਸ ਵਿਖੇ ਆ ਗਏ ਅਤੇ ਭਾਈ ਗੁਰਦਿੱਤਾ ਜੀ ਨਾਲ ਹੀ ਰਹਿਣ ਲਗ ਪਏ । ਗੁਰੂ ਘਰ ਨਾਲ ਆਪਦੀ ਬਹੁਤ ਨੇੜਤਾ ਸੀ।ਆਪਦੀ ਸੇਵਾ ਤੋਂ ਗੁਰੂ ਜੀ ਬਹੁਤ ਪ੍ਰਸੰਨ ਸਨ ।

ਸਮਾਂ ਆਇਆ ਜਦੋਂ ਗੁਰੂ ਤੇਗ ਬਹਾਦਰ ਪਾਤਸ਼ਾਹ ਨੇ ਹਿਦੂੰਆਂ ਤੇ ਹੋ ਰਹੇ ਜ਼ੁਲਮਾਂ ਨੂੰ ਠਲ੍ਹਣ ਲਈ ਆਪਣੀ ਕੁਰਬਾਨੀ ਦੇਣ ਦਾ ਫੈਸਲਾ ਕੀਤਾ । ਗੁਰੂ ਤੇਗ ਬਹਾਦਰ ਜੀ ਆਪਣੇ ਨਿਕਟ ਵਰਤੀ ਸਿੰਘਾਂ ਨੂੰ ਨਾਲ ਲੈ ਕੇ ਦਿੱਲੀ ਵਲ ਰਵਾਨਾ ਹੋਏ ।ਜਿਥੇ ਗੁਰੂ ਜੀ ਨੂੰ ਗ੍ਰਿਫਤਾਰ ਕਰਕੇ ਸਿੰਘਾ ਸਮੇਤ ਚਾਂਦਨੀ ਚੌਂਕ ਕੋਤਵਾਲੀ ਵਿੱਚ ਰਖਿਆ ਗਿਆ। ਬਾਬਾ ਗੁਰਦਿੱਤਾ ਜੀ ਵੀ ਦਿੱਲੀ ਰਵਾਨਾ ਹੋਏ, ਉਨ੍ਹਾਂ ਨਾਲ ਹੀ ਭਾਈ ਜੈਤਾ ਜੀ ਵੀ ਦਿੱਲੀ ਚਲੇ ਗਏ ।ਪਹਿਲਾਂ ਬਣਾਈ ਯੋਜਨਾ ਅਨੁਸਾਰ ਭਾਈ ਜੈਤਾ ਜੀ ਨੇ ਚਾਂਦਨੀ ਚੌਂਕ ਕੋਤਵਾਲੀ ਵਿਖੇ ਸਫਾਈ ਕਰਮਚਾਰੀ ਦੀ ਨੌਕਰੀ ਕਰ ਲਈ ਤਾਂ ਜੋ ਉਥੋਂ ਦੀ ਖਬਰ ਸਾਰੇ ਦਿਲੀ ਦੇ ਸਿਖਾਂ ਰਾਹੀਂ ਦਸਮ ਪਿਤਾ ਨੂੰ ਸ੍ਰੀ ਆਨੰਦਪੁਰ ਨੂੰ ਭੇਜੀ ਜਾ ਸਕੇ।

ਅਖੀਰ 11 ਨਵੰਬਰ 1675 ਦਾ ਭਿਆਨਕ ਦਿਨ ਆਇਆ । ਗੁਰੂ ਤੇਗ ਬਹਾਦਰ ਜੀ ਨੂੰ ਚਾਂਦਨੀ ਚੋਂਕ ਵਿਖੇ ਲਿਆਕੇ ਪਿੰਜਰੇ ਚੋ ਬਾਹਰ ਕਢਿਆ । ਗੁਰੂ ਜੀ ਨੇ ਇੱਛਾ ਅਨੁਸਾਰ ਇਸ਼ਨਾਨ ਕੀਤਾ ਅਤੇ ਮੁਖ ਚੋਂ ਜਪੁ ਜੀ ਦਾ ਪਾਠ ਅਰੰਭਿਆ । ਸਮਾਪਤੀ ਤੇ ਸ਼ਲੋਕ ਪੜਿਆ ਅਤੇ ਅਕਾਲ ਪੁਰਖ ਦੇ ਚਰਨਾਂ ਵਿੱਚ ਸੀਸ ਨਿਵਾਇਆ ।ਅਰਦਾਸ ਕੀਤੀ । ਪ੍ਰਭੂ ਚਰਨਾਂ ਵਿਚ ਲੀਨ , ਸ਼ਾਤੀ ਦੇ ਮੁਜਸਮੇਂ ਸਤਿਗੁਰੂ , ਚੇਹਰੇ ਤੇ ਰੱਬੀ ਨੂਰ,ਨੇਤਰ ਬੰਦ ਵਾਹਿਗੁਰੂ ਦੇ ਭਾਣੇ ਵਿਚ ਅਡੋਲ ਬੈਠੇ ਸਨ ।ਹਰ ਪਾਸੇ ਸਨਾਟਾ ਪਸਰਿਆ ਸੀ।ਕਾਜ਼ੀ ਅਬਦੁਲ ਵਹਾਬ ਨੇ ਫਤਵਾ ਸੁਣਾਇਆ।ਜੱਲਾਦ ਜਲਾਲੁਦੀਨ ਤਲਵਾਰ ਨਾਲ ਵਾਰ ਕੀਤਾ। ਗੁਰੂ ਜੀ ਦਾ ਸੀਸ ਧੜ ਤੋਂ ਵਖ ਹੋਗਿਆ । ਚਾਰੇ ਪਾਸੇ ਹਾਹਾ ਕਾਰ ਮਚ ਗਈ ਜਨਤਾ ਦੇ ਹਿਰਦੇ ਵਲੂੰਧਰੇ ਗਏ । ਸ਼ਰਧਾਲੂਆਂ ਦਾ ਖ਼ੂਨ ਉਬਾਲੇ ਖਾ ਰਿਹਾ ਸੀ । ਖ਼ੁਦਾ ਦੇ ਖ਼ੌਫ ਵਾਲੇ ਮੁਸਲਮਾਨ ਲੋਕ ਵੀ ਪਰੇਸ਼ਾਨੀ, ਵਿਆਕੁਲਤਾ ਅਤੇ ਬਿਹਬਲਤਾ ਵਿੱਚ ਗ਼ਮ ਅਤੇ ਗੁਸੇ ਵਿਚ ਸਨ ।ਔਰੰਗਜ਼ੇਬ ਦੇ ਇਸ ਜੁਲਮ ਨੇ ਆਪਣੇ ਰਾਜ ਦੀਆਂ ਜੜਾਂ ਆਪ ਹੀ ਪੁੱਟ ਲਈਆਂ । ਦਿੱਲੀ ਵਿੱਚ ਜੋ ਵਾਪਰਿਆ ਉਹ ਭਾਈ ਜੈਤਾ ਜੀ ਅਤੇ ਉਥੇ ਹਾਜ਼ਰ ਹੋਰ ਸਿਖਾਂ ਨੇ ਆਪਣੇ ਅਖੀਂ

ਦੇਖਿਆ । ਭਾਈ ਮਤੀਦਾਸ , ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਦੀ ਕੁਰਬਾਨੀ ਅਖੀ ਦੇਖੀ। ਗੁਰੂ ਤੇਗ ਬਹਾਦਰ ਜੀ ਹਿੰਦ ਦੀ ਚਾਦਰ ਦੀ ਅਜ਼ੀਮ ਸ਼ਹਾਦਤ ਦਾ ਦ੍ਰਿਸ਼ ਵੀ ਆਪਣੀਆਂ ਅਖਾਂ ਨਾਲ ਵੇਖਿਆ । ਲਹੂ ਲੁਹਾਣ ਹੋਇਆ ਚਾਂਦਨੀ ਚੌਂਕ ਦਿੱਲੀ ਆਪਣੀਆਂ ਅਖਾਂ ਨਾਲ ਤਕਿਆ । ਇਸ ਅਸਹਿ ਤੇ ਅਕਹਿ ਕਹਿਰ ਦੇ ਸਮੇਂ ਦਿੱਲੀ ਦਾ ਜ਼ਰ੍ਹਾ ਜ਼ਰ੍ਹਾ ਰੋ ਰਿਹਾ ਸੀ । ਪਰ ਇਹ ਸਮਾਂ ਹੰਝੂ ਵਗਾਉਣ ਦਾ ਨਹੀਂ ਬਲਕਿ ਸੰਭਾਲਣ ਦਾ ਸੀ । ਇਨ੍ਹਾਂ ਨੇ ਨਿਸਚਾ ਕਰ ਰਖਿਆ ਸੀ ਕੀ ਗੁਰਦੇਵ ਦੇ ਪਵਿਤ੍ਰ ਸੀਸ ਅਤੇ ਸਰੀਰ ਦੀ ਬੇਅਦਬੀ ਨਹੀਂ ਹੋਣ ਦੇਣਗੇ। ਭਾਈ ਜੈਤਾ ਜੀ ਨੇ ਸਮਾਂ ਸੰਭਾਲਿਆ। ਜਿਉਂ ਹੀ ਭੀੜ ਅੱਗੇ ਨੂੰ ਵਧੀ ਤਿਉਂ ਹੀ ਬਿਜਲੀ ਦੀ ਫੁਰਤੀ ਨਾਲ, ਭਾਈ ਜੈਤਾ ਜੀ ਅੱਗੇ ਵਧੇ ਅਤੇ ਗੁਰਦੇਵ ਦੇ ਪਵਿਤ੍ਰ ਸੀਸ ਨੂੰ ਚਦਰ ਵਿੱਚ ਲਪੇਟ, ਛਾਤੀ ਨਾਲ ਲਾ, ਭੀੜ ਵਿੱਚ ਅਲੋਪ ਹੋ ਗਏ ਅਤੇ ਅਨੰਦਪੁਰ ਸਾਹਿਬ ਦੇ ਰਾਹ ਪੈ ਗਏ । ਬੇਹਦ ਖਤਰਨਾਕ ਹਾਲਾਤਾਂ ਵਿਚ, ਆਪਣੀ ਜਾਨ ਤੇ ਖੇਲ ਕੇ, ਭਾਈ ਸਾਹਿਬ ਜੀ ਨੇ ਇਹ ਮਹਾਨ ਸੇਵਾ ਨਿਭਾਈ ।

ਰਸਤੇ ਵਿੱਚ ਆਪ ਨੇ ਪੰਜ ਪੜਾਅ ਕੀਤੇ । ਪਹਿਲਾ ਬਾਗਪੱਤ, ਦੂਜਾ ਤਰਾਉੜੀ, ਤੀਜਾ ਅਨਾਜ ਮੰਡੀ(ਅੰਬਾਲਾ) ਚੌਥਾ ਨਾਭਾ(ਚੰਡੀਗੜ੍ਹ) ਪੰਜਵਾਂ ਕੀਰਤਪੁਰ । ਕੀਰਤਪੁਰ ਸੀਸ ਟਿਕਾਕੇ ਆਪਨੇ ਆਨੰਦਪੁਰ ਸਾਹਿਬ ਸੂਚਨਾ ਭੇਜੀ । ਅਨੰਦਪੁਰ ਸਾਹਿਬ ਤੋਂ, ਮਾਤਾ ਨਾਨਕੀ ਜੀ, ਮਾਤਾ ਗੁਜਰੀ ਜੀ ਅਤੇ ਗੁਰੂ ਗੋਬਿੰਦ ਜੀ, ਸੰਗਤਾਂ ਸਮੇਤ ਸੀਸ ਲੈਣ ਲਈ ਆਏ । ਗੁਰੂ ਗੋਬਿੰਦ ਜੀ ਦੇ ਹੁਕਮ ਅਨੁਸਾਰ, ਸੀਸ ਦਾ ਅੰਤਮ ਸੰਸਕਾਰ ਅੰਨਦਪੁਰ ਸਾਹਿਬ ਵਿੱਚ ਕਰਨ ਦਾ ਫ਼ੈਸਲਾ ਕੀਤਾ ਗਿਆ। ਬਾਣੀ ਦੇ ਅੰਮ੍ਰਿਤਮਈ ਸ਼ਬਦਾਂ ਦੀ ਵੈਰਾਗ ਮਈ ਧੁਨੀ ਵਿੱਚ ਸ਼ੀਸ ਅੰਨਦਪੁਰ ਸਾਹਿਬ ਲਿਆਂਦਾ ਗਿਆ। ਸ਼ਬਦ ਕੀਰਤਨ ਦੀ ਅਗਾਧ ਅਲਾਪਚਾਰੀ ਵਿੱਚ ਦੈਵੀ ਸੀਸ ਨੂੰ ਚਿਖਾ ਉੱਤੇ ਰਖਿਆ ਗਿਆ । ਮਾਤਾ ਨਾਨਕੀ ਜੀ ਨੇ ਅੰਤਮ ਵਾਰ ਆਪਣੇ ਪਿਆਰੇ ਅਤੇ ਮਹਾਂਬਲੀ ਪੁੱਤਰ ਨੂੰ ਪਿਆਰ ਦਿੱਤਾ । ਉਨਾਂ ਨੂੰ ਆਪਣੇ ਪਤੀ, ਗੁਰੂ ਹਰਿਗੋਬਿੰਦ ਜੀ ਦੇ ਅਮਰ ਵਾਕ ਯਾਦ ਆਏ ਕਿ "ਇਹ (ਗੁਰੂ ਤੇਗ ਬਹਾਦਰ) ਅਜਿਹਾ ਸਾਕਾ ਕਰਨਗੇ, ਜਿਹੜਾ ਅਜੇ ਤੱਕ ਕਿਸੇ ਨੇ ਨਹੀਂ ਕੀਤਾ । ਇਹ ਧਰਮ ਦੀ ਪੱਤ ਰਖਣਗੇ । ਹਿੰਦੂ-ਧਰਮ ਦੀ ਰਖਿਆ ਆਦਿ ਕਰਨਗੇ। ਮਾਤਾ ਗੁਜਰੀ ਜੀ ਨੇ ਅੰਤਮ ਵਾਰ, ਆਪਣੇ ਮਹਾਨ ਅਤੇ ਦੈਵੀ ਪਤੀ ਦੇ ਸੀਸ ਦੇ ਦਰਸ਼ਨ ਕੀਤੇ ਅਤੇ ਸਤਿਕਾਰ ਅਤੇ ਸ਼ਰਧਾ ਨਾਲ ਸੀਸ ਝੁਕਾਕੇ ਇਹ ਬਚਨ ਕਹੇ, "ਆਪ ਜੀ ਦੀ ਨਿਭ ਗਈ ਹੈ, ਮੇਰੀ ਵੀ ਨਿਭ ਜਾਏ ।" ਜਦੋਂ ਨੌ ਸਾਲ ਦੇ ਬਾਲਕ ਗੁਰੂ ਗੋਬਿੰਦ ਜੀ ਨੇ ਪਿਤਾ ਜੀ ਦੇ ਸੀਸ ਅੱਗੇ ਮਥਾ ਟੇਕਿਆ ਤਾਂ ਸਾਰੀ ਸੰਗਤ ਅਧੀਰ ਹੋ ਉਠੀ । ਸਾਰੀ ਸੰਗਤ ਰੁਦਨ ਕਰਨ ਲੱਗੀ । ਸਭਨਾਂ ਦੇ ਨੈਣਾਂ ਵਿਚੋਂ ਨੀਰ ਵਹਿ ਤੁਰਿਆ। ਪਰ ਗੁਰੂ ਗੋਬਿੰਦ ਜੀ ਨੇ, ਸਾਰੀਆਂ ਸੰਗਤਾਂ ਨੂੰ ਰੁਦਨ ਕਰਨ ਤੋਂ ਰੋਕਕੇ, ਕੀਰਤਨ ਕਰਨ ਲਈ ਪ੍ਰੇਰਿਆ ਅਤੇ ਫੁਰਮਾਨ ਕੀਤਾ ਕਿ ਗੁਰਦੇਵ ਪਿਤਾ ਜੀ ਤਾਂ ਸੀਸ ਦੇਕੇ ਮਨੁਖਤਾ ਅੰਦਰ ਨਵਾਂ ਜੀਵਨ ਸੰਚਾਰ ਗਏ ਹਨ । ਸਾਨੂੰ ਇਸ ਦੀਰਘ ਦੁਖ ਦੇ ਸਮੇਂ ਉਨਾਂ ਦੇ ਉਪਦੇਸ਼ ਨੂੰ ਗ੍ਰਹਿਣ ਕਰਨਾ ਚਾਹੀਦਾ ਹੈ । ਮਨ ਨੂੰ ਉਨਾਂ ਦੀ ਯਾਦ ਨਾਲ ਜੋੜਨਾ ਚਾਹੀਦਾ ਹੈ । ਉਨਾਂ ਦੇ ਬੁਲੰਦ ਹੌਸਲੇ ਨੂੰ ਦੇਖਕੇ ਆਪਣੇ ਹੌਸਲੇ ਬੁਲੰਦ ਕਰਨੇ ਚਾਹੀਦੇ ਹਨ । ਸੀਸ ਦਾ ਸੰਸਕਾਰ ਕੀਤਾ ਗਿਆ । ਜਿਸ ਅਸਥਾਨ ਉਤੇ ਸੰਸਕਾਰ ਕੀਤਾ ਗਿਆ ਸੀ ਉਸ ਅਸਥਾਨ ਉੱਤੇ ਗੁਰਦੇਵ ਦੇ ਦੈਵੀ ਸੀਸ ਦੀ ਅਮਰ ਯਾਦ ਵਿੱਚ ਗੁਰਦੁਆਰਾ ਸੀਸ ਗੰਜ(ਅਨੰਦਪੁਰ ਸਾਹਿਬ) ਸੁਸ਼ੋਭਤ ਹੈ।

ਅੰਤਮ ਰਸਮਾਂ ਤੋਂ ਵਿਹਲੇ ਹੋ, ਗੁਰੂ ਗੋਬਿੰਦ ਜੀ ਨੇ ਭਾਈ ਜੈਤਾ ਜੀ ਨੂੰ ਆਪਣੇ ਕੋਲ ਬੁਲਾਇਆ, ਉਨਾਂ ਨੂੰ ਆਪਣੀ ਛਾਤੀ ਨਾਲ ਲਾ ਕੈ ਪਿਆਰ ਦਿੱਤਾ ਅਤੇ "ਰੰਗਰੇਟੇ ਗੁਰੂ ਕੇ ਬੇਟੇ" ਦਾ ਉਚਾ ਵਰ ਦਿੱਤਾ ਅਤੇ ਇਹ ਅਮਰ ਸੇਵਾ ਕਰਨ ਲਈ ਅਤੁੱਟ ਬਖਸ਼ਿਸ਼ਾਂ ਕੀਤੀਆਂ । ਭਾਈ ਜੈਤਾ ਜੀ ਉੱਤੇ ਗੁਰੂ ਗੋਬਿੰਦ ਜੀ ਦੀ ਸਦੀਵ ਕਾਲ ਕ੍ਰਿਪਾ ਦ੍ਰਿਸ਼ਟੀ ਰਹੀ । ਗੁਰਦੇਵ ਕੋਲੋਂ ਅੰਮ੍ਰਿਤਪਾਨ ਕਰਕੇ ਭਾਈ ਜੀਵਨ ਸਿੰਘ ਬਣੇ । ਆਪ ਸਦਾ ਹੀ ਸਤਿਗੁਰੂ ਜੀ ਦੀ ਸੇਵਾ ਲਈ ਤੱਤਪਰ ਰਹੇ । ਅੰਤ ਚਮਕੌਰ ਦੀ ਜੰਗ ਵਿਚ 7 ਦਸੰਬਰ ,1705 . ਸ਼ਹਾਦਤ ਦਾ ਜਾਮ ਪੀ ਗਏ ਅਤੇ ਅਮਰ ਹੋ ਗਏ ।

# ਇਹੁ ਬਾਣੀ ਜੋ ਜੀਅਹੁ ਜਾਣੈ॥ ਤਿਸੁ ਅੰਤਰਿ ਰਵੈ ਹਰਿ ਨਾਮਾ

(ਅੰਕ 797)

ਸੰਗਤਾਂ ਨੇ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਬੜੇ ਉਤਸਾਹ ਨਾਲ ਮਨਾਇਆ ਹੈ। ਇਸ ਅਵਸਰ ਤੇ ਅਨੇਕਾਂ ਸਮਾਗਮ ਆਯੋਜਿਤ ਕੀਤੇ ਗਏ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤਾਂ ਨੂੰ ਪ੍ਰਗਟਾਉਣ / ਪ੍ਰਚਾਰਕ ਦਾ ਯਤਨ ਕੀਤਾ ਗਿਆ । ਵਾਹਿਗੁਰੂ ਕਿਰਪਾ ਕਰੋ, ਜੋ ਅਸੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰ ਧਾਰਾ ਨੂੰ ਸਮਝ ਕੇ ਇਸ ਦੇ ਧਾਰਨੀ ਬਣ ਸਕੀਏ ।

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਗੁਰਗੱਦੀ ਨਸ਼ੀਨੀ ਪੁਰਬ ਮਿਤੀ 11 ਨਵੰਬਰ 2015 ਨੂੰ ਆ ਰਹਿਆ ਹੈ। ਆਓ, ਇਸ ਮਹਾਨ ਦਿਹਾੜੇ ਨੂੰ ਅਮਲੀ ਜੀਵਨ ਦੀ ਸੇਧ ਪ੍ਰਾਪਤੀ ਲਈ ਮਨਾਉਣ ਦਾ ਉਦਮ ਕਰੀਏ । ਗੁਰੁਬਾਣੀ ਦਾ ਨਿਤ ਪ੍ਰਤੀ ਪਾਠ ਸੋਚ ਸਮਝ ਕੇ ਕਰਨ ਦਾ ਸੁਭਾਉ ਬਣਾਈਐ ।

ਉਪਰੋਕਤ ਮੰਤਵ ਦੀ ਪੂਰਤੀ ਲਈ ਆਪ ਜੀ ਦੀ ਸੇਵਾ ਵਿੱਚ ਗੁਰਬਾਣੀ ਪਾਠ ਬੋਧ ਲਈ ਮੁਢਲੀ ਜਾਣਕਾਰੀ ਪੇਸ਼ ਕਰਨ ਵਿੱਚ ਖੁਸ਼ੀ ਪ੍ਰਤੀਤ ਕਰਦੇ ਹਾਂ ।

ਆਸ ਹੈ ਆਪ ਜੀ ਇਸ ਦਾ ਭਰਵਾ ਲਾਭ ਉਠਾਓਗੇ । ਵਾਹਿਗੁਰੂ ਅਕਾਲ ਪੁਰਖ ਬਖਸ਼ਿਸ਼ ਕਰਨ ਅਸੀ ਬਾਣੀ ਦੇ ਰਸੀਏ ਬਣ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨ ਬਾਣੀ ਆਨੰਦ ਮਾਣ ਸਕੀਏ ਅਤੇ ਆਪਣਾ ਜੀਵਨ ਗੁਰਬਾਣੀ ਅਨੁਸਾਰ ਢਾਲਨ ਦਾ ਯਤਨ ਕਰੀਏ । ਗੁਰਬਾਣੀ ਦਾ ਫੁਰਮਾਨ ਹੈ

ਸਤਿਗੁਰ ਕੀ ਜਿਸ ਨੋ ਮਤਿ ਆਵੈ ਸੋ ਸਤਿਗੁਰ ਮਾਹਿ ਸਮਾਨਾ ॥
ਇਹੁ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ । (ਅੰਕ 797)

ਇਹੀ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ-ਸ਼ਬਦ ਗੁਰੂ ਨੂੰ ਮੰਨਣ ਦਾ ਢੰਗ ।

## ਪਾਠ ਬੋਧ ਲਈ ਮੁਢਲੀ ਜਾਣਕਾਰੀ

ੴ — ਉਚਾਰਨ ਹੈ ਇਕ ਓਅੰਕਾਰ॥ ਅਰਥ ਹੈ ਅਕਾਲ ਪੁਰਖ ਇਕ ਹੈ ਤੇ ਸਰਵ ਵਿਆਪਕ ਹੈ।

ਮਹਲਾ — ਉਚਾਰਨ ਹੈ ਮਹਲਾ, ਜਿਵੇਂ ਗਹਲਾ। ਅਰਥ ਹੈ ਕਾਇਆ, ਸਰੀਰ। ਮਹੱਲਾ ਉਚਾਰਨ ਅਸ਼ੁੱਧ ਹੈ।

ਮਹਲਾ — ੧, ੨, ੩ ਆਦਿ — ਉਚਾਰਨ ਹੈ ਮਹਲਾ ਪਹਿਲਾ, ਦੂਜਾ, ਤੀਜਾ ਆਦਿ।

ਮਹਲਾ — ੧ ਦਾ ਅਰਥ ਹੈ, ਗੁਰੂਨਾਨਕ ਦੇਵ ਜੀ।

ਮਹਲਾ — ੨ ਦਾ ਅਰਥ ਹੈ, ਗੁਰੂਅੰਗਦ ਦੇਵ ਜੀ।

ਘਰੁ — ਤਾਲ ਜਾ ਸੁਰ ਦੇ ਟਿਕਾਣੇ ਦਾ ਨੰਬਰ।

ਘਰੁ — ੧, ੨ ਆਦਿ ਦਾ ਉਚਾਰਨ ਘਰ ਪਹਿਲਾ, ਦੂਜਾ ਆਦਿ॥ ਗੁਰਬਾਣੀ ਵਿੱਚ ਘਰੁ ਇਕ ਤੋਂ ਸਤਾਰਾਂ ਤਕ ਆਉਂਦੇ ਹਨ।

ਰਹਾਉ — ਅਰਥ ਹੈ ਠਹਿਰ ਜਾਉ, ਕਿਉਂਕਿ ਇਹ ਕੇਂਦਰੀ ਮੁੱਖ-ਭਾਵ ਵਾਲਾ ਬੰਦ ਹੈ।

ਸਲੋਕ — ਛੰਦ, ਪਦ ਕਾਵਯ।

ਪਹਰੇ — ਮਨੁੱਖਾ ਜੀਵਨ ਨੂੰ ਰਾਤ ਕਿਹਾ ਹੈ, ਅਤੇ ਬਾਲਪਨ ਆਦਿ ਚਾਰ ਅਵਸਥਾ ਨੂੰ ਚਾਰ ਪਹਿਰੇ ਆਖਿਆ ਹੈ।(੭੪)

ਛੰਤ — ਪ੍ਰੇਮ, ਜਸ, ਉਪਮਾ ਦਾ ਗੀਤ (੭ )

ਡਖਣਾ — ਦੱਖਣਾ, ਮੁਲਤਾਨ ਦੇ ਇਲਾਕੇ ਦੀ ਬੋਲੀ ਵਿਚ ਉਚਾਰਿਆ ਹੋਇਆ ਸਲੋਕ, ਸ਼ਬਦ। ਇਸ ਵਿਚ "ਦ" ਦੀ ਥਾਂ "ਡ" ਪਰਧਾਨ ਹੈ।

ਵਣਜਾਰਾ — (ਵਪਾਰੀ) ਇਹ ਇਕ ਕਾਵਿ ਰੂਪ ਹੈ।

ਏਕੁ ਸੁਆਨੁ ਕੈ ਘਰਿ ਗਾਵਣਾ — ਇਹ ਸ਼ਬਦ "ਏਕੁ ਸੁਆਨੁ" .... ਪੰਨਾ੨੪ ਵਾਲੇ ਸ਼ਬਦ ਦੇ ਘਰ ੪ (ਚੌਥਾ) ਵਿਚ ਗਾਉਣਾ ਹੈ। (੯੧)

ਪਹਰਿਆਂ ਕੇ ਘਰਿ ਗਾਵਣਾ — ਦੇਖੋ ਪੰਨਾ ੭੪ ਜਿਥੇ ਪਹਰਿਆਂ ਨੂੰ ਘਰ ਪਹਿਲਾ ਵਿੱਚ ਗਾਵਿਆ ਹੈ। ਸਬੰਧਿਤ ਸ਼ਬਦ ਨੂੰ ਵੀ ਪਹਿਲੇ ਘਰ ਵਿੱਚ ਗਾਵਣਾ ਹੈ।

ਬਾਰਹ ਮਾਹਾ — ਸਾਲ ਦੇ ਬਾਰਾਂ ਮਹੀਨਿਆਂ ਵਾਲਾ ਕਾਵਿ-ਰੂਪ। ਗੁਰੂਜੀ ਨੇ ਜੀਵਾਤਮਾ ਦੇ ਵਿਛੋੜੇ ਦਾ ਵਰਨਣ ਕਰਕੇ, ਅੰਤ ਵਿਚ ਅਧਿਆਤਮਕ ਮਿਲਾਪ ਦਾ ਚਿਤ੍ਰ ਦਿੱਤਾ ਹੈ। (੧੩੩)(੧੧੭)

ਦਿਨ ਰੈਣਿ — ਦਿਨ ਰਾਤ ਇਸ ਵਿਚ ਮਨੁੱਖ ਨੂੰ ਦਿਨ ਰਾਤ ਵਿਚ ਜੋ ਸ਼ੁਭ ਕੰਮ ਕਰਨੇ ਚਾਹੀਦੇ ਹਨ, ਉਹ ਦੱਸੇ ਹਨ। (੧੩੬)

ਰਹੋਏ ਛੰਤਿ ਕੈ ਘਰਿ — 'ਰਹੋਆ' ਇਕ ਤਰ੍ਹਾਂ ਦਾ ਪੁਰਾਣਾ ਪੰਜਾਬੀ ਗੀਤ ਹੈ। ਇਸ ਸ਼ਬਦ ਨੂੰ ਇਸੇ ਤਰਜ ਤੇ ਗਾਵਣਾ ਹੈ। (੨ ੩)

ਛੋਟੇ ਅੰਕ — ਗਉੜੀ ਅਤੇ ਆਸਾ ਰਾਗਾਂ ਵਿਚ ਕਿਧਰੇ ਕਿਧਰੇ ਸਿਰ ਲੇਖ ਦੇ ਹੇਠਾਂ ਛੋਟੇ ਅੰਕ ੧, ੨, ੩ ਆਦਿ ਆਉਂਦੇ ਹਨ। ਮਿਸਾਲ ਵਜੋਂ ਰਾਗ ਗਉੜੀ ਪੂਰਬੀ੍ ਮਹਲਾ ਪੰਨਾ (੨ ੪)। ਅਜਿਹੇ ਅੰਕ 'ਘਰ' ਦੇ ਸੂਚਕ ਹਨ। ਪਰ ਕਿਤੇ ਕਿਤੇ ਇਹ ਅੰਕ ਸ਼ਬਦਾਂ ਦਾ ਸੂਚਕ ਹੈ, ਜਿਵੇਂ ਗਉੜੀ ਕਬੀਰ ਜੀ ਤਿਪਦੇ ਪੰਨਾ (੩੨੭)। ਅੰਕ ਦਸਦਾ ਹੈ ਕਿ ਇਥੋਂ ਅਗੇ ਤਿਪਦੇ ਆਉਣੇ ਹਨ।

ਕਰਹਲੇ — ਊਂਠ : ਏਥੇ ਭਟਕਣ ਵਾਲੇ ਜੀਵ ਨੂੰ ਊਂਠ ਕਹਿ ਕੇ ਉਪਦੇਸ਼ ਕੀਤਾ ਹੈ। (੨੩੪)

ਜੁਮਲਾ — ਕੁਲ ਜੋੜ (੨੪੨)

ਬਾਵਨ ਅਖਰੀ— ਅਖਰਾਂ ਦੀ ਵਰਣ ਮਾਲਾ। (੨੫੦)

ਥਿਤੀ — ਚੰਦ੍ਰਮਾ ਦੇ ਵਧਣ ਘਟਣ ਦੇ ਹਿਸਾਬ ਵਾਲੇ ਦਿਹਾੜੇ। (੨੯੬) ਵਾਲਾ ਕਾਵਿ ਰੂਪ

ਸ਼ੁਧ ਕੀਚੇ — ਸ਼ੁਧ ਕਰੋ। (੩੨੨) (ਭਾਈ ਗੁਰਦਾਸ ਜੀ ਨੂੰ ਹਦਾਇਤ)

ਦੋਹਾ — ਦੋਹਰਾ ਇਕ ਮਾਤ੍ਰਿਕ ਛੰਦ ਹੈ। (੩੨੨)

ਕਾਫੀ — ਇਕ ਰਾਗਣੀ ਹੈ ਜੋ ਏਥੇ ਆਸਾ ਨਾਲ ਮਿਲਾਕੇ ਗਾਉਣ ਦੀ ਤਾਕੀਦ ਹੈ। (੩੬੯)

ਸੁਧੰਗ — ਸ਼ੁਧ ਸੁਰ ਵਾਲੀ, ਸ਼ੁਧ ਅੰਗ ਵਾਲੀ (੩੬੯)

ਆਸਾਵਰੀ — ਇਹ ਇਕ ਰਾਗਣੀ ਹੈ। (੬ ੯)

ਬਿਰਹੜਾ — ਉਹ ਗੀਤ ਜਿਨ੍ਹਾਂ ਵਿਚ ਬਿਰਹਾ ਜਾਂ ਵਿਛੋੜੇ ਦਾ ਜ਼ਿਕਰ ਹੋਵੇ। (੪੩੧)

ਪੜਤਾਲ — (ਪਰਤਾਓ ਤਾਲ) ਜਿਥੇ ਗਾਉਣ ਵਿਚ ਮੁੜ ਮੁੜ ਤਾਲ ਪਰਤਾਇਆ (ਬਦਲਿਆ) ਜਾਂਦਾ ਹੈ। (੪੦੮ ਆਦਿ)

ਘੋੜੀਆਂ — ਲਾੜੇ ਦੇ ਘੋੜੀ ਚੜ੍ਹਨ ਸਮੇਂ ਇਹ ਗੀਤ ਗਾਇਆ ਜਾਂਦਾ ਹੈ। ਉਸ ਗੀਤ ਦੀ ਧਾਰਨਾ ਉਤੇ ਇਹ ਦੋ ਸ਼ਬਦ ਰਚੇ ਗਏ ਹਨ। (੫੭੫)

ਸੁਧ — ਅਸਲ ਨਾਲ ਮੇਲ ਕੇ ਸੋਧੀ ਹੋਈ ਰਚਨਾ।(੫੧੭)

ਅਲਾਹਣੀਆਂ—ਸ਼ੋਕ ਦੇ ਗੀਤ ਜੋ ਕਿਸੇ ਦੀ ਮੌਤ ਸਮੇਂ ਗਾਏ ਜਾਂਦੇ ਹਨ। ਇਹਨਾਂ ਦੀ ਵਿਉਂਤ ਤੇ ਗੁਰੂਜੀ ਨੇ ਵੈਰਾਗ ਦੇ ਸ਼ਬਦ ਉਚਾਰੇ ਹਨ।(੫੭੮)

ਕੁਚਜੀ — ਬੁਰੇ ਆਚਾਰ ਵਾਲੀ ਇਸਤਰੀ।(੭੬੨)

ਸੁਚਜੀ — ਸੁਲੱਖਣੀ ਨਾਰ।(੭੬੨)

ਗੁਣਵੰਤੀ — ਚੰਗੇ ਆਚਰਣ ਵਾਲੀ ਇਸਤਰੀ।(੭੬੨)

ਯਾਨੜੀਏ ਕੈ ਘਰਿ — ਜਿਸ ਘਰ ਜਾਂ ਧਾਰਨਾ ਵਿਚ "ਇਆਨੜੀਏ ਮਾਨੜਾ ਕਾਇ" ਪੰਨਾ ੭੨੨ ਵਾਲਾ ਸ਼ਬਦ ਗਾਇਆ ਜਾਂਦਾ ਹੈ।(੮੦੨)

ਵਾਰ ਸਤ — ਕਵਿਤਾ ਦਾ ਇਕ ਢੰਗ ਹੈ, ਜਿਸ ਵਿਚ ਸੱਤ ਦਿਨਾਂ ਦੇ ਆਧਾਰ ਤੇ ਕਵਿਤਾ ਲਿਖੀ ਜਾਵੇ।(੮੪੧)

ਮੰਗਲ — ਖੁਸ਼ੀ ਦਾ ਗੀਤ।(੮੪੪)

ਅਨੰਦੁ — ਪੂਰਨ ਖੁਸ਼ੀ। ਇਹ ਬਾਣੀ ਗੁਰੂਅਮਰਦਾਸ ਜੀ ਨੇ ਉਚਾਰਨ ਕੀਤੀ।

ਸਦੁ — (ਸੱਦਾ, ਮੌਤ ਦਾ ਬੁਲਾਵਾ)। ਰੱਬ ਵੱਲੋਂ ਗੁਰੂਅਮਰਦਾਸ ਜੀ ਨੂੰ ਆਇਆ ਹੋਇਆ ਸੱਦਾ।(੯੨੩)

ਰੁਤੀ — ਇਕ ਕਾਵਿ ਰੂਪ ਹੈ, ਜਿਸ ਵਿਚ ਛੇ ਰੁਤਾਂ ਦੇ ਆਧਾਰ ਤੇ ਮਨੁੱਖ ਨੂੰ ਹਰੀ ਵਲ ਪ੍ਰੇਰਿਆ ਹੈ।(੯੭੨)

ਓਅੰਕਾਰੁ — ਸਰਬ ਵਿਆਪਕ ਪਰਮਾਤਮਾ।(੯੨੯)

ਸਿਧ ਗੋਸਿਟ — ਸਿਧਾਂ ਨਾਲ ਵਿਚਾਰ।(੯੩੮)

ਅੰਜੁਲੀ — ਹੱਥ ਜੋੜਨੇ, ਬੇਨਤੀ।

ਸੋਲਹੇ — ਸੋਲ੍ਹਾਂ ਬੰਦਾਂ ਵਾਲੇ ਸ਼ਬਦ।

ਸਹਸਕ੍ਰਿਤੀ — ਸੰਸਕ੍ਰਿਤ ਦਾ ਇਕ ਬਦਲਿਆ ਰੂਪ ਜੋ ਸਾਧਾਂ ਸੰਤਾਂ ਦੇ ਡੇਰਿਆਂ ਉੱਤੇ, ਸਾਰੇ ਹਿੰਦ ਵਿਚ, ਸਮਝੀ ਜਾਂਦੀ ਸੀ।(੧੩੬ )

ਗਾਥਾ — ਇਕ ਪੁਰਾਣੀ ਬੋਲੀ ਜੋ ਸਹਸਕ੍ਰਿਤੀ ਦੇ ਨੇੜੇ ਹੈ।(੧੩੬ )

ਚਉਬੋਲੇ — ਚਾਉ ਵਿਚ ਉਚਾਰੇ ਹੋਏ ਬੋਲ-੧੩੬੩

ਸਵਯਾ — ਇਕ ਚਾਰ ਚਰਣ ਦਾ ਛੰਦ ਜੋ ਮਾਤ੍ਰਿਕ ਵੀ ਹੁੰਦਾ ਹੈ ਤੇ ਵਰਨਿਕ ਵੀ।

ਸੋਰਠਾ — ਇਕ ਮਾਤ੍ਰਿਕ ਛੰਤ।

ਝੋਲਨਾ — ਇਕ ਛੰਦ, ਲੱਛਣ-ਚਾਰ ਚਰਣ।

ਰਾਗ ਮਾਲਾ — ਰਾਗਾਂ ਦਾ ਤਤਕਰਾ।(੧੪੨੯)

ਰਾਗ ਏਗ ਸੰਗਿ ਪੰਚ ਬਰੰਗਨ — ਇਕ ਰਾਗ ਹੈ ਉਸ ਨਾਲ ਪੰਜ ਇਸਤਰੀਆਂ।

ਸੰਗ ਅਲਾਪਹਿ ਆਠਉ ਨੰਦਨ — ਨਾਲ ਗਾਂਦੇ ਹਨ।

ਅੱਠ ਪੁੱਤਰ ੧ + (੧ × ੫)      (੧ × ੮) = ੧੪

.....          .....          .....          .....

ਖਸਟ ਰਾਗ ਉਨਿ ਗਾਏ ਸੰਗਿ ਰਾਗਨੀ ਤੀਸ

੬ + ੩੦          = ੩੬

ਸਭੈ ਪੁਤ੍ਰ ਰਾਗੰਨ ਕੇ ਅਠਾਰਹ ਦਸ ਬੀਸ॥

੧੮ + ੧੦ + ੨੦     = ੪੮

ਰਾਗ ੬, ਰਾਗਨੀਆ (ਇਸਤਰੀਆਂ) ੩੦, ਪੁਤਰ ੪੮

ਕੁਲ ੬ + ੩੦ + ੪੮ =  ੮੪

ਨੋਟ: ਕਰਤਾਰਪੁਰ ਵਾਲੀ ਬੀੜ ਵਿਚ ਰਾਗ ਮਾਲਾ ਅੰਕ ੯੭੪ ਉੱਤੇ ਹੈ।

# ਸ਼ੁਧ ਗੁਰਬਾਣੀ ਉਚਾਰਨ ਸਬੰਧੀ

ਨਯਨਿ ਬਯਨਿ: ਉਚਾਰਨ ਹੈ ਨੈਣ ਬੈਣ (ਪੰਨਾ ੧੩੯੪)
ਤੀਜੇ ਭਯਾ : ਉਚਾਰਨ ਹੈ ਭਈਆ (ਪੰਨਾ ੧੩੭)
ਸਵਯੇ : ਉਚਾਰਨ ਹੈ ਸਵਈਏ (ਪੰਨਾ ੧੩੮੯)
ਮੁਯੇ : ਉਚਾਰਨ ਹੈ ਮੁਈਏ (ਪੰਨਾ ੨੪੬)
ਰਯਤਿ : ਉਚਾਰਨ ਹੈ ਰਈਅਤ (ਪੰਨਾ ੨੨੭)
ਰਮਯੇ : ਉਚਾਰਨ ਹੈ ਰਮਈਏ (ਪੰਨਾ ੩੨੪)
ਦਯ : ਉਚਾਰਨ ਹੈ ਦਈ (ਪੰਨਾ ੨ ੩)
ਦਯੈ : ਉਚਾਰਨ ਹੈ ਦਈਐ (ਪੰਨਾ ੭੪)
ਦਯਿ : ਉਚਾਰਨ ਹੈ ਦਈ (ਪੰਨਾ ੩ ੩)
ਵਿਸਰਗ–ਦੋ ਬਿੰਦੇ : : ਹਾਹੇ ਦੀ ਨਿਸ਼ਾਨੀ ਹੈ, ਜਿਵੇਂ:
ਲਿਖਣਃ ਉਚਾਰਣ ਹੈ ਲਿਖਣਹ (ਗਾਥਾ–੧੩੬੧)
ਸੰਪੂਰਣਃ ਉਚਾਰਣ ਹੈ ਸੰਪੂਰਣਹ (ਪੰਨਾ ੧੩੬੧)
ਹਲੰਤਃ ( ੍ ) ਹਾਹੇ ਦੀ ਨਿਸ਼ਾਨੀ ਹੈ
(ਜੀਅ ਰੇ ਓਲ੍ਹਾ ਨਾਮ ਕਾ)211 346

# ਇਕ ਅੱਖਰ ਨਾਲ ਦੋ ਲਗਾਂ

| ਸ਼ਬਦ ਹੈ | ਅਸਲ ਸ਼ਬਦ | ਪੜ੍ਹਣਾ ਹੈ | |
|---|---|---|---|
| ਲ਼ੋਭਾਨ | ਲੋਭਾਨ | ਲੁਭਾਨ | 21 |
| ਗ਼ੋਪਾਲਾ | ਗੋਪਾਲਾ | ਗੁਪਾਲਾ | 19● ਆਦਿ |
| ਮ਼ੋਹਿ | ਮੋਹਿ | ਮੁਹਿ | 487 ਆਦਿ |
| ਸ਼ੋਹਾਗਨਿ | ਸੋਹਾਗਨਿ | ਸੁਹਾਗਨਿ | 121● |
| ਉ਼ਇ | ਓਇ | ਉਇ | 12●5 |
| ਗਾਉ਼ | ਗਾਉ | ਗਾਓ | 12●1 |

ਸਾਹ – ਇਹ ਫਾਰਸੀ ਦਾ ਸ਼ਬਦ ਹੈ, ਉਚਾਰੋ ਸ਼ਾਹ 991
ਸਹੁ – ਇਹ ਫਾਰਸੀ ਦਾ ਸ਼ਬਦ ਹੈ, ਉਚਾਰੋ ਸ਼ੈਹ 357
ਮਸਕਤਿ – ਇਹ ਫਾਰਸੀ ਦਾ ਸ਼ਬਦ ਹੈ, ਉਚਾਰੋ ਮਸ਼ੱਕਤ
ਪਾਤਿਸਾਹੁ – ਇਹ ਫਾਰਸੀ ਦਾ ਸ਼ਬਦ ਹੈ, ਉਚਾਰੋ ਪਾਤਿਸ਼ਾਹ
ਪੈਦਾਇਸਿ – ਇਹ ਫਾਰਸੀ ਦਾ ਸ਼ਬਦ ਹੈ, ਉਚਾਰੋ ਪੈਦਾਇਸ਼
ਅਰਜ – ਇਹ ਫਾਰਸੀ ਦਾ ਸ਼ਬਦ ਹੈ, ਉਚਾਰੋ ਅਰਜ਼
ਪੇਸਿ – ਇਹ ਫਾਰਸੀ ਦਾ ਸ਼ਬਦ ਹੈ, ਉਚਾਰੋ ਪੇਸ਼
ਗੋਸ – ਇਹ ਫਾਰਸੀ ਦਾ ਸ਼ਬਦ ਹੈ, ਉਚਾਰੋ ਗੋਸ਼
ਮੁਹਹੁ – ਮੁਹ + ਹੁ ਉਚਾਰਣ ਹੈ ਮੁਹੋਂ
ਸਿਆਹਹੁ – ਸਿਆਹ + ਹੁ ਉਚਾਰੋਂ ਸਿਆਹੋਂ
ਥੇਹਹੁ – ਥੇਹ + ਹੁ ਉਚਾਰੋ ਥੇਹੋਂ

ਕਰਹੁ – ਕਰੋ, ਸੰਤਹੁ–ਸੰਤੋ, ਜਾਗਹੁ–ਜਾਗੋ
ਭੰਡਹੁ – ਭੰਡੋਂ, ਅੰਦਰਹੁ – ਅੰਦਰੋਂ
ਸੁਖਹੁ – ਸੁਖੋਂ, ਸਾਦਹੁ – ਸਾਦੋਂ

ਅਰਸਹੁ – ਅਰਸ਼ੋਂ, ਕੁਰਸਹੁ – ਕੁਰਸੋਂ
ਰੋਹੁ, ਰੋਹੋ ਉਚਾਰਨ ਅਸ਼ੁਧ ਹੈ।
ਪਾਤਿਸਾਹੁ ਪਾਤਿਸ਼ਾਹ (ਪਾਤਸ਼ਾਹੋ ਉਚਾਰਨ ਅਸ਼ੁਧ ਹੈ।)
ਏਹੁ, ਏਹ ਤੇ ਏਹਿ ਉਚਾਰਨ ਹੈ ਏਹ।
ਇਹੁ, ਇਹ ਤੇ ਇਹਿ ਉਚਾਰਨ ਹੈ ਇਹ।
ਓਹੁ, ਓਹ ਤੇ ਓਹਿ ਉਚਾਰਨ ਹੈ ਓਹ।
ਇਕੁ, ਇਕ ਤੇ ਇਕਿ ਉਚਾਰਨ ਹੈ ਇਕ।
ਹੋਰੁ, ਹੋਰ ਤੇ ਹੋਰਿ ਉਚਾਰਨ ਹੈ ਹੋਰ।
ਅਵਰੁ, ਅਵਰ ਤੇ ਅਵਰਿ ਉਚਾਰਨ ਹੈ ਅਵਰ।
ਮੀਹ, ਮੀਹੁ ਤੇ ਮੀਹਿ ਉਚਾਰਨ ਹੈ ਮੀਂਹ।
ਖੂਹ, ਖੂਹੁ ਤੇ ਖੂਹਿ ਉਚਾਰਨ ਹੈ ਖੂਹ।
ਰਾਹ, ਰਾਹੁ ਤੇ ਰਾਹਿ ਉਚਾਰਨ ਹੈ ਰਾਹ।
ਦਿਹ, ਦਿਹੁ ਤੇ ਦਿਹਿ ਉਚਾਰਨ ਹੈ ਦਿਹ।
ਨੇਹ, ਨੇਹੁ ਤੇ ਨੇਹਿ ਉਚਾਰਨ ਹੈ ਨੇਂਹ।
ਮਾਹ ਤੇ ਮਾਹੁ ਉਚਾਰਨ ਹੈ ਮਾਹ।

ਜੇਤੇ ਹੈ ਜੀਅ (24)
ਕੋਇ ਨ ਕੀਅ (24)
ਤਬ ਇਹ ਤ੍ਰੀਅ (342)
ਪੂਤ ਜਿਨੂਰਾ ਧੀਅ (556)

} ਉਚਾਰਨ ਬਿਹਾਰੀ ਦੀ ਆਵਾਜ ਲਮਕਾ ਕੇ ਜੀ, ਕੀ, ਤ੍ਰੀ ਧੀ

| ਸ਼ਬਦ | ਸ਼ੁਧ ਉਚਾਰਨ |
|---|---|
| ਅਗਮ | ਅ+ਗਮ |
| ਅਸੁਰ | ਅ+ਸੁਰ |
| ਅਲਿਪਤੁ | ਅ+ਲਿਪਤੁ |
| ਅਪਰਸੁ | ਅ+ਪਰਸੁ |
| ਅਗਣਤ | ਅ+ਗਣਤ |
| ਅਕੁਲ | ਅ+ਕੁਲ |
| ਅਸਚਰਜ | ਅ;+ਚਰਜ |
| ਆਚਰਜ | ਅਕ+ਚਰਜ |
| ਅਚਰਜਾ | ਅ+ਚਰਜਾ |
| ਅਚਰਜ | ਅ+ਚਰਜ |

( ੵ ) ਇਹ ਚਿੰਨ ਅੱਧੇ ਯੱਯੇ ਦਾ ਕੰਮ ਕਰਦਾ ਹੈ ਜਿਵੇਂ:

ਅਖਾਦ ਖਾਦੰ ਅਸਾਜੰ ਸਾਜਿ ਸਮਜਯਾ } ਉਚਾਰਨ ਹੈ ਖਾਦਿਅੰ, ਅਸਾਜਿਅੰ 1358
ਆਤਮ ਰਖ੍ਯਾ ਗੋਪਾਲ ਉਚਾਰਨ ਹੈ ਰਖਿਆ 1358
ਸਮਜਯਾ ਉਚਾਰਨ ਹੈ ਸਮੱਜਿਆ
ਜੀਉ ਸਮਪਉ ਆਪਣਾ ਸਮੱਪਉ ਸ਼ੁਧ ਉਚਾਰਨ ਹੈ 936
ਖਤੇ ਖੱਤੇ ਪੜ੍ਹਨਾ ਅਸ਼ੁਧ ਹੈ।

# ਖ਼ੂਨ ਦਾ ਦਬਾਅ ਵਧਣ ਦੇ ਕਾਰਨ

ਡਾ.ਦਰਸ਼ਨ ਜੋਤ ਕੌਰ

- ਖ਼ੂਨ ਦਾ ਦਬਾਅ ਕਿਉਂ ਵੱਧਦਾ ਹੈ?

ਸਰੀਰ ਵਿਚ ਬਲੱਡ ਪਰੈਸ਼ਰ ਬਾਹਰ ਅਤੇ ਸਰੀਰ ਦੇ ਅੰਦਰ ਦੀਆਂ ਅਵਸਥਾਵਾਂ ਦੇ ਅਸਮਾਨ ਹੋਣ ਦੇ ਬਾਵਜੂਦ ਸੁਭਾਵਕ ਰੱਖਣ ਦੀ ਸਮਰੱਥਾ ਹੁੰਦੀ ਹੈ।ਇਹ ਸਮਰੱਥਾ ਦੀ ਕੁਝ ਸੀਮਾ ਹੁੰਦੀ ਹੈ।ਜਦੋਂ ਇਹ ਸੀਮਾ ਪਾਰ ਹੋ ਜਾਂਦੀ ਹੈ ਤਾਂ ਸਰੀਰ ਦਾ ਸਿਸਟਮ ਕਾਬੂ ਵਿਚ ਨਹੀਂ ਰਹਿੰਦਾ ਅਤੇ ਬਲੱਡ ਪਰੈਸ਼ਰ ਵੱਧ ਜਾਂਦਾ ਹੈ।ਜਿਉਂ ਜਿਉਂ ਉਮਰ ਵੱਧਦੀ ਹੈ,ਬਲੱਡ ਪਰੈਸ਼ਰ ਨੂੰ ਸਮਾਨ ਰੱਖਣ ਦੀ ਸਮਰੱਥਾ ਘੱਟਦੀ ਹੈ।

- ਕਿਨ੍ਹਾਂ ਅਵਸਥਾਵਾਂ ਵਿਚ ਇਹ ਸੀਮਾ ਕਾਬੂ ਤੋਂ ਬਾਹਰ ਹੋ ਜਾਂਦੀ ਹੈ?

ਲਗਪਗ ੯੦% ਮਰੀਜ਼ਾਂ ਵਿਚ ਕਾਰਨ ਦਾ ਪਤਾ ਨਹੀਂ ਲਗਦਾ।ਬਾਕੀਆਂ ਵਿਚ ਰਹਿਣ ਸਹਿਣ ਅਤੇ ਖਾਣ ਪੀਣ ਦੀਆਂ ਗਲਤ ਆਦਤਾਂ ਨਾਲ ਸਰੀਰ ਦਾ ਸਿਸਟਮ ਅਸਮਾਨ ਹੋ ਜਾਂਦਾ ਹੈ। ਕੁਝ ਬੀਮਾਰੀਆਂ ਵੀ ਬਲੱਡ ਪਰੈਸ਼ਰ ਵਧਾਂਦੀਆਂ ਹਨ।

- ਖੁਰਾਕ ਅਤੇ ਖਾਣ ਪੀਣ ਦੀਆਂ ਕਿਹੜੀਆਂ ਗਲਤ ਆਦਤਾਂ ਬਲੱਡ ਪਰੈਸ਼ਰ ਵਧਾਂਦੀਆਂ ਹਨ?

ਖਾਨਾ ਪੀਣਾ ਪਵਿੱਤਰ ਹੈ,ਦਿਤੋਨ ਰਿਜ਼ਕ ਸਬਾਇ।ਜਦੋਂ ਅਸੀਂ ਖਾਣ ਪੀਣ ਦੇ ਅਸੂਲ ਭੁੱਲ ਜਾਂਦੇ ਹਾਂ ਅਤੇ ਸਵਾਦਾਂ ਮਗਰ ਲਗ ਕੇ ਭੱਖ ਅਭੱਖ ਖਾਣ ਲਗ ਜਾਂਦੇ ਹਾਂ ,ਤਾਂ ਨਤੀਜਾ ਬੀਮਾਰੀ ਸਹੇੜਨਾ ਹੁੰਦਾ ਹੈ।ਜ਼ਿਆਦਾ ਨਮਕ,ਜ਼ਿਆਦਾ ਤਲੀਆਂ ਅਤੇ ਕਰਾਰੀਆਂ ਅਤੇ ਚੀਜ਼ਾਂ ਦਾ ਸੇਵਨ ਬਲੱਡ ਪਰੈਸ਼ਰ ਵਧਾਂਦਾ ਹੈ।

- ਕੀ ਕਸਰਤ ਦੀ ਅਣਹੋਂਦ ਨਾਲ ਖ਼ੂਨ ਦਾ ਦਬਾਅ ਵਧਦਾ ਹੈ?

  ਹਾਂ ਜੀ, ਕਸਰਤ ਨਾਲ ਖ਼ੂਨ ਦਾ ਪ੍ਰਸਾਰ ਠੀਕ ਚਲਦਾ ਰਹਿੰਦਾ ਹੈ ਅਤੇ ਨਸਾਂ ਸਿਹਤਮੰਦ ਰਹਿੰਦੀਆਂ ਹਨ।ਬੈਠਵਾਂ ਕੰਮ ਨਸਾਂ ਨੂੰ ਕਮਜ਼ੋਰ ਕਰਦਾ ਹੈ।ਅਜ ਦੇ ਯੁਗ ਵਿਚ ਸਾਡਾ ਰਹਿਣ ਸਹਿਣ ਦਾ ਤਰੀਕਾ ਅਜਿਹਾ ਹੈ ਕਿ ਸਰੀਰਕ ਹਿਲਜੁਲ ਬਹੁਤ ਘੱਟ ਹੋ ਗਈ ਹੈ।ਇਸ ਨਾਲ ਵੀ ਖ਼ੂਨ ਦੇ ਪ੍ਰਸਾਰ ਵਿਚ ਵਿਘਣ ਪੈਂਦਾ ਹੈ ਅਤੇ ਚਰਬੀ ਇਕੱਠੀ ਹੋ ਜਾਂਦੀ ਹੈ।ਬਲੱਡ ਪਰੈਸ਼ਰ ਵੱਧ ਜਾਂਦਾ ਹੈ।

  - ਕੀ ਸਰੀਰ ਦਾ ਭਾਰ ਵਧਣ ਦਾ ਬਲੱਡ ਪਰੈਸ਼ਰ ਨਾਲ ਸਬੰਧ ਹੈ?

  ਮੁਟਾਪੇ ਨਾਲ ਸਰੀਰ ਉਤੇ ਬੋਝ ਪੈਂਦਾ ਹੈ।ਮੁਟਾਪਾ ਤਾਂ ਹੈ ਹੀ ਬੀਮਾਰੀਆਂ ਦਾ ਜਨਮਦਾਤਾ। ਖ਼ੂਨ ਦੀਆਂ ਨਸਾਂ ਵਿਚ ਚਰਬੀ ਜੰਮ ਜਾਂਦੀ ਹੈ ਅਤੇ ਨਸਾਂ ਸੁੰਗੜਦੀਆਂ ਹਨ।

  - ਕੀ ਇਹ ਬੀਮਾਰੀ ਅਨੁਵੰਸ਼ਕ (Genetics) ਹੈ?

  ਹਾਂ ਜੀ।ਜੇ ਮਾਂ ਬਾਪ ਵਿਚ ਇਹ ਬੀਮਾਰੀ ਹੈ ਤਾਂ ਬੱਚਿਆਂ ਵਿਚ ਇਸ ਦੀ ਸੰਭਾਵਨਾ ਵਧੇਰੇ ਹੁੰਦੀ ਹੈ।

  - **ਕੀ ਮਾਨਸਿਕ ਪਰੇਸ਼ਾਨੀ ਨਾਲ ਇਸ ਦਾ ਸਬੰਧ ਹੈ?**

  **ਹਾਂ ਜੀ।ਜਦੋਂ ਵਿਅਕਤੀ ਪਰੇਸ਼ਾਨ ਹੁੰਦਾ ਹੈ ਤਾਂ ਕੁਝ ਹਾਰਮੋਨ ਅਜਿਹੇ ਬਣਦੇ ਹਨ,ਜਿਨ੍ਹਾਂ ਦਾ ਖ਼ੂਨ ਦੀਆਂ ਨਸਾਂ ਅਤੇ ਪ੍ਰਸਾਰ ਉਤੇ ਮਾੜਾ ਪ੍ਰਭਾਵ ਪੈਂਦਾ ਹੈ,ਜਿਸ ਨਾਲ ਦਬਾਅ ਵੱਧਦਾ ਹੈ।**

  - ਕੀ ਸਿਗਰਟ ਦੇ ਸੇਵਨ ਦਾ ਕੋਈ ਅਸਰ ਹੈ?

  ਸਿਗਰਟ ਦਾ ਸੇਵਨ ਕਰਨ ਨਾਲ ਖ਼ੂਨ ਦੀਆਂ ਨਾੜੀਆਂ ਸੁੰਗੜ ਜਾਂਦੀਆਂ ਹਨ ।ਫਲਸਰੂਪ ਬਲੱਡ ਪਰੈਸ਼ਰ ਵੱਧ ਜਾਂਦਾ ਹੈ।

  - ਕੀ ਸ਼ਰਾਬ ਅਤੇ ਨਸ਼ੀਲੀਆਂ ਦਵਾਈਆਂ ਵੀ ਇਸ ਦਾ ਕਾਰਨ ਹਨ?

  ਹਾਂ ਜੀ ਸ਼ਰਾਬ ਬਹੁਤ ਜ਼ਿਆਦਾ ਪੀਣ ਨਾਲ ਨਸਾਂ ਸੁੰਗੜਦੀਆਂ ਹਨ ਅਤੇ ਗੁਰਦੇ ਵੀ ਖਰਾਬ ਹੋ ਜਾਂਦੇ ਹਨ।ਫਲਸਰੂਪ ਬਲੱਡ ਪਰੈਸ਼ਰ ਵੱਧ ਜਾਂਦਾ ਹੈ।ਨਸ਼ੀਲੀਆਂ ਦਵਾਈਆਂ ਜਿਵੇਂ ਕੋਕੇਨ ਅਤੇ ਐਂਮਫੈਟੇਮੀਨ ਆਦਿ ਦਾ ਸੇਵਨ ਵੀ ਬਲੱਡ ਪਰੈਸ਼ਰ ਵਧਾਣ ਲਈ ਜ਼ੁਮੇਵਾਰ ਹਨ।

  - ਕੀ ਕਈ ਦਵਾਈਆਂ ਦਾ ਸੇਵਨ ਕਰਨ ਨਾਲ ਵੀ ਖ਼ੂਨ ਦਾ ਦਬਾਅ ਵਧਦਾ ਹੈ?

  ਕੁਝ ਦਰਦ ਦੀਆਂ ਦਵਾਈਆਂ,ਗਰਭ ਨਿਰੋਧਕ ਗੋਲੀਆਂ,ਜ਼ੁਕਾਮ ਖਾਂਸੀ ਦੀਆਂ ਗੋਲੀਆਂ ਅਤੇ ਸਟੀਰਾਇਡ ਆਦਿ ਦਾ ਸੇਵਨ ਕਰਨ ਨਾਲ ਬਲੱਡ ਪਰੈਸ਼ਰ ਵੱਧ ਸਕਦਾ ਹੈ।ਇਸ ਲਈ ਦਵਾਈਆਂ ਡਾਕਟਰ ਦੀ ਸਲਾਹ ਤੋਂ ਬਿਨਾ ਨਹੀਂ ਲੈਣੀਆਂ ਚਾਹੀਦੀਆਂ ।

  - ਕੀ ਕੁਝ ਬੀਮਾਰੀਆਂ ਵਿਚ ਬਲੱਡ ਪਰੈਸ਼ਰ ਵਧਦਾ ਹੈ?

  ਸ਼ੱਕਰ ਰੋਗ,ਥਾਈਰਾਇਡ ,ਐਡਰੀਨਲ ਗਲੈਂਡ ਦੀ ਰਸੌਲੀ ਆਦਿ ਬੀਮਾਰੀਆਂ ਬਲੱਡ ਪ੍ਰੈਸ਼ਰ ਵਧਾਂਦੀਆਂ ਹਨ।ਇਸ ਲਈ ਬਲੱਡ ਪਰੈਸ਼ਰ ਦੇ ਮਰੀਜ਼ ਨੂੰ ਸਭ ਟੈਸਟ ਕਰਵਾਣੇ ਚਾਹੀਦੇ ਹਨ।

# ਗਤੀਵਿਧੀਆਂ

## ਜੀਵਨ ਜੁਗਤਿ ਸਮਾਗਮ ਅੰਮ੍ਰਿਤਸਰ ਸਾਹਿਬ :-

ਸ਼ਬਦ ਕੀਰਤਨ ਨਾਮ ਸਿਮਰਨ ਸਤਿਸੰਗ ,ਸ੍ਰੀ ਅੰਮ੍ਰਿਤਸਰ ਸੰਸਥਾ ਮੈਨੇਜਰ ਸ੍ਰੀ ਦਰਬਾਰ ਸਾਹਿਬ ,ਸ੍ਰੀ ਅੰਮ੍ਰਿਤਸਰ ਦੇ ਸਹਿਯੋਗ ਨਾਲ ਹਰ ਸਾਲ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੂਰਬ ਨੂੰ ਸਮਰਪਿਤ ਜੀਵਨ ਜੁਗਤਿ ਸਮਾਗਮਾਂ ਦੀ ਲੜੀ ਅੰਮ੍ਰਿਤਸਰ ਸਾਹਿਬ ਦੇ ਹਰ ਗੁਰਦੁਆਰੇ ਵਿੱਚ ਕਰਦੇ ਹਨ ਅਤੇ ਪੰਥ ਦੇ ਮਹਾਨ ਕੀਰਤਨੀਏ ਅਤੇ ਕਥਾ ਵਾਚਕ ਇਸ ਵਿੱਚ ਹਾਜ਼ਰੀ ਲਗਾਉਦੇ ਹਨ ।ਹਰ ਸਾਲ ਦੀ ਤਰਾਂ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਨੂੰ ਇਸ ਸਮਾਗਮ ਵਿੱਚ ਹਾਜ਼ਰੀ ਭਰਨ ਦਾ ਸਮਾਂ ਪ੍ਰਾਪਤ ਹੋਇਆ। ਮਿਤੀ 6-09-2015 (ਐਤਵਾਰ) ਨੂੰ ਇਸ ਲੜੀ ਅਨੁਸਾਰ ਸਮਾਗਮ ਗੁਰਦੁਆਰਾ ਸਾਹਿਬ ਪਾਤਸ਼ਾਹੀ ਦਸਵੀਂ, ਅਕਾਸ਼ ਐਵੀਨਿਊ, ਫ਼ਤਹਿਗੜ ਚੂੜੀਆਂ ਰੋਡ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹੋਇਆ ਜਿਸ ਵਿੱਚ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਵਲੋਂ ਪ੍ਰਿੰਸੀਪਲ ਨਰਿੰਦਰ ਬੀਰ ਸਿੰਘ ਜੀ ਨੇ ਕਥਾ ਰਾਹੀ ਸੇਵਾ ਨਿਭਾਈ ਅਤੇ ਸ.ਬਲਵਿੰਦਰ ਸਿੰਘ 'ਸਾਗਰ' ਜੀ ਨੇ ਕੀਰਤਨ ਰਾਹੀ ਸੇਵਾ ਨਿਭਾਈ ।ਪ੍ਰਬੰਧਕਾ ਨੇ ਇਸ ਮੌਕੇ ਪ੍ਰਿਸੀਪਲ ਨਰਿੰਦਰ ਬੀਰ ਸਿੰਘ ਜੀ ਤੇ ਸ.ਬਲਵਿੰਦਰ ਸਿੰਘ ਜੀ 'ਸਾਗਰ' ਨੂੰ ਸਨਮਾਨਿਤ ਕੀਤਾ ਅਤੇ ਸੋਸਾਇਟੀ ਦਾ ਵਿਸ਼ੇਸ਼ ਤੌਰ ਤੇ ਧੰਨਵਾਦਿ ਕੀਤਾ ਤੇ ਕਿਹਾ ਕਿ ਇਹ ਜੀਵਨ ਜੁਗਤਿ ਸਮਾਗਮਾਂ ਦੀ ਲੜੀ ਸੋਸਾਇਟੀ ਹੀ ਦੇਣ ਹੈ ।

ਸਮਾਗਮ ਤਸਵੀਰਾਂ ਦੀ ਜੁਬਾਨੀ :-




ਸ. ਬਲਵਿੰਦਰ ਸਿੰਘ ਸਾਗਰ ਕੀਰਤਨ ਦੀ ਸੇਵਾ ਨਿਭਾਉਂਦੇ ਹੋਏ।




ਪ੍ਰਿੰ. ਨਰਿੰਦਰ ਬੀਰ ਸਿੰਘ ਕਥਾ ਦੀ ਸੇਵਾ ਨਿਭਾਉਂਦੇ ਹੋਏ।



ਪ੍ਰਿੰ. ਨਰਿੰਦਰ ਬੀਰ ਸਿੰਘ ਅਤੇ ਸ. ਬਲਵਿੰਦਰ ਸਿੰਘ ਸਾਗਰ ਨੂੰ ਪ੍ਰੰਬਧਕ ਸਮਾਨਿਤ ਕਰਦੇ ਹੋਏ।

**ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੂਰਬ ਨੂੰ ਸਮਰਪਿਤ ਜੀਵਨ ਜੁਗਤਿ ਸਮਾਗਮਾਂ ਦੀ ਲੜੀ:**- ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੂਰਬ ਨੂੰ ਸਮਰਪਿਤ ਜੀਵਨ ਜੁਗਤਿ ਸਮਾਗਮ ਮਿਤੀ 8-9-2015 ਤੋਂ 14-09-2015 ਤੱਕ ਖਰੜ, ਮੋਹਾਲੀ , ਚੰਡੀਗੜ ਵਿਖੇ ਹੋਏ। ਜਿਸ ਵਿੱਚ ਵੱਖ-ਵੱਖ ਕੀਰਤਨੀ ਜੱਥੇ ਤੇ ਕਥਾਵਾਚਕਾ ਨੇ ਹਾਜ਼ਰੀ ਭਰੀ ।ਹਮੇਸ਼ਾ ਦੀ ਤਰ੍ਹਾਂ ਇਹਨਾਂ ਸਮਾਗਮਾਂ ਵਿੱਚ ਇੱਕ ਦਿਨ ਵਿੱਚ ਇੱਕ ਹੀ ਵਿਸ਼ੇ ਤੇ ਕੀਰਤਨ ਅਤੇ ਕਥਾ ਹੋਈ ਸੰਗਤਾਂ ਨੇ ਹਰ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਹਾਜ਼ਰੀਆਂ ਭਰੀਆਂ ਤੇ ਇਸ ਉਪਰਾਲੇ ਦੀ ਸਲਾਘਾ ਕੀਤੀ ।

ਸ਼ਮਾਗਮ ਤਸਵੀਰਾਂ ਦੀ ਜੁਬਾਨੀ :-

## ਮਿਤੀ 8 ਸਤੰਬਰ, 2015 ਸਥਾਨ: ਗੁਰਦੁਆਰਾ ਗੁਰਮਤਿ ਪ੍ਰਸਾਰ ਭਵਨ, ਮੁੰਡੀ ਖਰੜ



**ਕੀਰਤਨ: ਯੋਗਰਾਜ ਸਿੰਘ**
ਗੁਰਮਤਿ ਪ੍ਰਸਾਰ ਇਨਸਟੀਚਿਊਟ



**ਗੁਰਮਤਿ ਵਿਚਾਰ: ਭਾਈ ਪਰਦੀਪ ਸਿੰਘ**
ਕਥਾ ਵਾਚਕ, ਅਕਾਲ ਆਸ਼ਰਮ ਸੋਹਾਣਾ



**ਕੀਰਤਨ: ਭਾਈ ਜਸਵਿੰਦਰ ਸਿੰਘ**
ਚੰਡੀਗੜ੍ਹ ਵਾਲੇ

## ਮਿਤੀ 9 ਸਤੰਬਰ, 2015 ਗੁ: ਸ੍ਰੀ ਗੁਰੂ ਅਰਜੁਨ ਦੇਵ ਜੀ, ਸੰਨੀ ਇਨਕਲੇਵ, ਖਰੜ



**ਕੀਰਤਨ: ਬਲਜਿੰਦਰ ਸਿੰਘ**
ਗੁਰਮਤਿ ਪ੍ਰਸਾਰ ਇਨਸਟੀਚਿਊਟ



**ਗੁਰਮਤਿ ਵਿਚਾਰ: ਭਾਈ ਹਰਵੀਰ ਸਿੰਘ** (ਵਾਈਸ ਪ੍ਰਿੰਸੀਪਲ)
ਗੁਰਮਤਿ ਪ੍ਰਸਾਰ ਇਨਸਟੀਚਿਊਟ



**ਕੀਰਤਨ: ਭਾਈ ਤਵਨੀਤ ਸਿੰਘ**
ਚੰਡੀਗੜ੍ਹ ਵਾਲੇ






**ਸਮੂਹ ਸਾਧ ਸੰਗਤ ਸਮਾਗਮ ਦੌਰਾਨ**

## ਮਿਤੀ 10 ਸਤੰਬਰ, 2015 ਗੁ: ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਦਸ਼ਮੇਸ਼ ਨਗਰ ਖਰੜ



**ਕੀਰਤਨ: ਸੁਖਵਿੰਦਰ ਸਿੰਘ**
ਗੁਰਮਤਿ ਪ੍ਰਸਾਰ ਇਨਸਟੀਚਿਊਟ



**ਗੁਰਮਤਿ ਵਿਚਾਰ: ਗਿਆਨੀ ਰਣਜੀਤ ਸਿੰਘ**
ਚੰਡੀਗੜ੍ਹ ਵਾਲੇ



**ਕੀਰਤਨ: ਸ. ਬਲਵਿੰਦਰ ਸਿੰਘ ਸਾਗਰ**
(ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ)





**ਸਮੂਹ ਸਾਧ ਸੰਗਤ ਸਮਾਗਮ ਦੌਰਾਨ**

## ਮਿਤੀ 11 ਸਤੰਬਰ, 2015 ਸਥਾਨ: ਗੁਰਦੁਆਰਾ ਸਾਚਾ ਧੰਨ, ਫੇਜ਼-3B1, ਮੋਹਾਲੀ



**ਕੀਰਤਨ: ਮਨਪ੍ਰੀਤ ਸਿੰਘ**
ਗੁਰਮਤਿ ਪ੍ਰਸਾਰ ਇਨਸਟੀਚਿਊਟ




**ਗੁਰਮਤਿ ਵਿਚਾਰ ਅਤੇ ਪਾਠ ਬੋਧ: ਪ੍ਰਿ. ਨਰਿੰਦਰ ਬੀਰ ਸਿੰਘ**
(ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ)



**ਕੀਰਤਨ: ਭਾਈ ਜਗਜੀਤ ਸਿੰਘ**
ਮੋਹਾਲੀ





**ਸਮੂਹ ਸਾਧ ਸੰਗਤ ਸਮਾਗਮ ਦੌਰਾਨ**

# ਮਿਤੀ 12 ਸਤੰਬਰ, 2015 ਸਥਾਨ: ਗੁਰਦੁਆਰਾ ਕਲਗੀਧਰ ਸਿੰਘ ਸਭਾ, ਫੇਜ਼-4, ਮੋਹਾਲੀ



ਕੀਰਤਨ: ਗੁਰਪ੍ਰੀਤ ਸਿੰਘ
ਗੁਰਮਤਿ ਪ੍ਰਸਾਰ ਇਨਸਟੀਚਿਊਟ



ਗੁਰਮਤਿ ਵਿਚਾਰ: ਭਾਈ ਜਸਵਿੰਦਰ ਸਿੰਘ
ਹੈਡ ਗ੍ਰੰਥੀ ਗੁ: ਸਾਚਾ ਧੰਨ, ਮੋਹਾਲੀ



ਕੀਰਤਨ: ਭਾਈ ਸੋਹਣ ਸਿੰਘ 'ਅਰਸ਼'
ਚੰਡੀਗੜ੍ਹ

# ਮਿਤੀ 13 ਅਤੇ 14 ਸਤੰਬਰ, 2015
## ਸਥਾਨ: ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਸੈਕਟਰ 34, ਚੰਡੀਗੜ੍ਹ



ਕੀਰਤਨ: ਸੁਖਵਿੰਦਰ ਸਿੰਘ
ਗੁਰਮਤਿ ਪ੍ਰਸਾਰ ਇਨਸਟੀਚਿਊਟ



ਗੁਰਮਤਿ ਵਿਚਾਰ: ਪ੍ਰਿ. ਨਰਿੰਦਰ ਬੀਰ ਸਿੰਘ
(ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ)



ਕੀਰਤਨ: ਸ. ਬਲਵਿੰਦਰ ਸਿੰਘ ਸਾਗਰ
(ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ)




ਕੀਰਤਨ: ਕਰਤਾਰ ਸਿੰਘ
ਗੁਰਮਤਿ ਪ੍ਰਸਾਰ ਇਨਸਟੀਚਿਊਟ




ਗੁਰਮਤਿ ਵਿਚਾਰ: ਗਿਆਨੀ ਹਰਪਾਲ ਸਿੰਘ,
ਫਤਹਿਗੜ੍ਹ ਸਾਹਿਬ





ਕੀਰਤਨ: ਭਾਈ ਜਗਤਾਰ ਸਿੰਘ
ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ



ਗੁ: ਸੈਕਟਰ 34 ਦੇ ਪ੍ਰਬੰਧਕ
ਸਨਮਾਨ ਪ੍ਰਾਪਤ ਕਰਦੇ ਹੋਏ।





ਸਾਧ ਸੰਗਤ ਸਮਾਗਮ ਦਾ ਅਨੰਦ ਮਾਨਦੇ ਹੋਏ।

## ਜੀਵਨ ਜੁਗਤਿ ਸਮਾਗਮ ਦੀ ਲੜੀ ਸੰਪੂਰਨ ਹੋਣ ਤੇ ਸ਼ੁਕਰਾਨਾ ਸਮਾਗਮ :-

ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੂਰਬ ਨੂੰ ਸਮਰਪਿਤ ਜੀਵਨ ਜੁਗਤਿ ਸਮਾਗਮਾਂ ਦੀ ਲੜੀ ਮਿਤੀ **8-9-2015** ਤੋਂ **14-09-2015** ਤੱਕ ਖਰੜ,ਮੋਹਾਲੀ ,ਚੰਡੀਗੜ ਵਿਖੇ ਚਲਾਈ ਗਈ ਜਿਸ ਦੀ ਸੰਪੂਰਨਤਾ ਤੇ ਮਿਤੀ **17-09-2015** ਦਿਨ ਵੀਰਵਾਰ ਸ਼ਾਮ ਨੂੰ **6.30** ਤੋਂ **9.00** ਵਜੇ ਤੱਕ ਸ਼ੁਕਰਾਨਾ ਸਮਾਗਮ ਗੁਰਮਤਿ ਪ੍ਰਸਾਰ ਭਵਨ ਵਿਖੇ ਆਯੋਜਿਤ ਕੀਤਾ ਗਿਆ। ਕੀਰਤਨ ਦੀ ਸੇਵਾ ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟੀਚਿਊਟ ਦੇ ਵਿਦਿਆਰਥੀਆਂ ਨੇ ਨਿਭਾਈ ।ਕਥਾ ਦੀ ਸੇਵਾ ਵਾਇਸ ਪ੍ਰਿੰਸੀਪਲ ਭਾਈ ਹਰਵੀਰ ਸਿੰਘ ਨੇ ਕੀਤੀ। ਇਹਨਾਂ ਸਮਾਗਮਾਂ ਵਿੱਚ ਹਰ ਰੋਜ਼ ਵੱਖ ਵੱਖ ਵਿਸ਼ਿਆਂ ਤੇ ਗੁਰਮਤਿ ਪ੍ਰਸਾਰ ਟ੍ਰੇਨਿੰਗ ਇੰਨਸੀਚਿਊਟ ਦੇ ਸੱਤ ਜੱਥੇਇਆ ਨੇ ਬੜੇ ਸੁੱਚਜੇ ਢੰਗ ਨਾਲ ਕੀਰਤਨ ਦੀ ਸੇਵਾ ਨਿਭਾਈ। ਜੋ ਕਿ ਇੱਕ ਮਾਣ ਦੀ ਗੱਲ ਹੈ। ਇਸ ਮੌਕੇ ਤੇ ਪ੍ਰਿੰਸੀਪਲ ਨਰਿੰਦਰ ਬੀਰ ਸਿੰਘ ਨੇ ਇਸ ਲੜੀ ਦੇ ਸਮਾਗਮਾਂ ਵਿੱਚ ਸੰਗਤਾਂ ਵੱਲੋਂ ਭਰਵੇ ਸਹਿਯੋਗ ਲਈ ਧੰਨਵਾਦ ਕੀਤਾ ਅਤੇ ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ, ਭਾਈ ਹਰਵੀਰ ਸਿੰਘ ਵਾਇਸ ਪ੍ਰਿੰਸੀਪਲ ਜਿਨ੍ਹਾਂ ਦੇ ਸਾਰੇ ਸਮਾਗਮਾਂ ਨੂੰ ਸੁੱਚਜੇ ਢੰਗ ਨਿਭਾਇਆਂ ਅਤੇ ਭਾਈ ਜਸਵਿੰਦਰ ਸਿੰਘ ਕੀਰਤਨ ਅਧਿਆਪਕ ਜਿਨ੍ਹਾਂ ਨੇ ਵਿਦਿਆਰਥੀਆਂ ਨੂੰ ਕੀਰਤਨ ਲਈ ਤਿਆਰ ਕੀਤਾ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ। ਸਮਾਪਤੀ ਤੇ ਗੁਰੂ ਕਾ ਲੰਗਰ ਅਤੁੱਟ ਵਰਤਿਆ।





**ਕੀਰਤਨ ਦੀ ਸੇਵਾ ਨਿਭਾਉਂਦੇ ਇਨਸੀਚਿਊਟ ਦੇ ਵਿਦਿਆਰਥੀਆਂ**



**ਕਥਾ ਦੀ ਸੇਵਾ ਭਾਈ ਹਰਵੀਰ ਸਿੰਘ ਵਾਇਸ ਪ੍ਰਿੰਸੀਪਲ**




**ਸਾਧ ਸੰਗਤ ਸਮਾਗਮ ਦਾ ਅਨੰਦ ਮਾਨਦੇ ਹੋਏ।**

## ਅਕਤੂਬਰ ਮਹੀਨੇ ਦੇ ਸਮਾਗਮ:-

1. ਨਾਨਕਸ਼ਾਹੀ ਜੰਤਰੀ ਅਨੁਸਾਰ ਕੱਤਕ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ ਮਿਤੀ 17-10-2015 ਦਿਨ ਸ਼ਨੀਵਾਰ ਸ਼ਾਮ ਨੂੰ 6.30 ਤੋਂ 9.00 ਵਜੇ ਤੱਕ ਦੇ ਵਿਸੇ'ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥' ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ, ਛੱਜੂ ਮਾਜਰਾਂ ਰੋਡ,ਸਾਹਮਣੇ ਸੰਨੀ ਇਨਕਲੇਵ ਮੁੰਡੀ ਖਰੜ ਵਿਖੇ ਆਯੋਜਿਤ ਕੀਤਾ ਜਾਵੇਗਾ।ਸਮਾਪਤੀ ਤੇ ਗੁਰੂ ਕੇ ਲੰਗਰ ਅਤੁੱਟ ਵਰਤਣਗੇ ।

# ਗੁਰਮਤਿ ਪ੍ਰਸਾਰ ਮੈਡੀਕਲ ਸੇਵਾ ਸੈਂਟਰ

## ਐਸੋਸੀਏਟਸ: ਸੇਵਕਸ ਚੈਰੀਟੇਬਲ ਟ੍ਰੱਸਟ (ਰਜਿ.) ਚੰਡੀਗੜ੍ਹ

ਸੋਸਾਇਟੀ ਵਲੋਂ ਚਲਾਏ ਜਾ ਰਹੇ ਮੈਡੀਕਲ ਸੇਵਾ ਸੈਂਟਰ ਵਿਚ ਦਿਤੀਆਂ ਜਾ ਰਹੀਆਂ ਸੇਵਾਵਾਂ ਦਾ ਸੰਗਤਾਂ ਭਰਵਾਂ ਲਾਭ ਉਠਾ ਰਹੀਆਂ ਹਨ। ਸਤੰਬਰ ਮਹੀਨੇ ਦੇ ਅੰਕੜੇ ਇਸ ਪ੍ਰਕਾਰ ਹਨ।

| Sr. No. | Name of Deptt. | No. of Patients | | |
|---|---|---|---|---|
| | | New | Old | Total |
| 1 | General Medical | 70 | 129 | 199 |
| 2 | Eye | 18 | 29 | 47 |
| 3 | Cardiology | 08 | 45 | 53 |
| 4 | Dental | 28 | 71 | 99 |
| 5 | Gynaecology | 27 | 45 | 72 |
| 6 | Homoeopathy | 36 | 212 | 248 |
| | **Total** | **187** | **531** | **718** |
| | Laboratory | 51 | - | 51 |

## ਧੰਨਵਾਦਿ :

## ਸਤੰਬਰ 2015 ਵਿਚ ਪ੍ਰਾਪਤ ਸਹਾਇਤਾ ਦਾ ਵੇਰਵਾ:–

1. S. Avtar Singh Basra Sec. 35A/Chd 15,000/-
2. S. D.P Singh #393/Phase 9/Mohali 12,000/-
3. Mrs. Harsharan Kaur Sethi Sec. 34C 500/
4. S. Dhian Singh #3106/Sec. 38D/Chd 500/
5. S. Dhanwant Singh #447/Phase 4/Mohali 500/-
6. Dr. Satwant Singh Aastha En/Kharar 1,200/-
7. S. Amarjit Singh / Mundi Kharar 200/-
8. Satkar Properties / Mundi Kharar 500/-
9. Gurdwara Shri Guru Arjun Dev Ji Kharar 2,100/-
10. Gurdwara Guru Gobind Singh Saheb/ Dashmesh Nagar/Kharar 5,100/-
11. S. Manjit Singh Sunny Enc./Kharar 15,000/-
12. Gurdwara Sacha Dhan Sahib 3B-I 4,300/-
13. Gurdwara Shri Guru Kalgidhar Singh Sabha/ Phase-4/Mohali 3,100/-
14. S. Madanjit Singh #578/Phase-4/Mohali 500/-
15. S. Inderjit Singh #421/Phase-2/Mohali 1,000/-
16. Smt. Manjit Kaur Sabharwal, Sec.34C 3,000/-
17. S. Manmohan Singh #1047/44B/Chd 500/-
18. Gurdwara Shri Guru Teg Bahadur Sahib Sec. 34/Chd 2020/-
19. Bibi Surjit Kaur #1444/Sec 34C/Chd 2,100/-
20. S. Narinder Bir Singh #1444/34C/Chd 1,000/-
21. S. Jagteshwar Singh(HUF) Sec 69 15,000/-
22. S. Harjinder Singh #320/Sec 46A/Chd 15,000/-
23. All Indian Sikh Federation(Regd.) D-9 Green Park Extn. New Delhi 21,000/-
24. S. Gurjeet Singh/ Gurdaspur 100/-
25. S. Jashmer Singh #2969/Ph7/Mohali 500/-
26. S. Deep Singh#2978/Phase-7/Mohali 500/-
27. S. Gurpreet Singh 50/-
28. S. Amar Kirpal Singh/Mohali 50/-
29. S. Jaspreet Singh/Mohali 10/-
30. S. Ajit Singh#760/Phase-4/Mohali 50/-
31. Bibi Sarabjit Kaur/Sector 34/Chandigarh 50/-
32. Bibi Harbans Kaur #1443/Sec 34C/Chd 500/-
33. S. Gurmit Singh #1165/Sec 33-C/Chd 500/-
34. Bibi Devinder Kaur #1541/Sec 34-D/Chd 100/-
35. Bibi Jasjit Kaur #92/Sec 16/Chd 50/-
36. S. Kuldip Singh#100/Phase3B-1 15,000/-
37. Dr. Jagjit Singh #25/Phase 7/Mohali 1,000/-
38. S. Avtar Singh#871/Phase 7/Mohali 500/-
39. Bibi Himant Kaur #3850/Sec 32D/Chd 100/-
40. Bibi Joginder Kaur #1133/Sec 44D/Chd 500/-
41. Amol Pukhraaj Kaur #3147/Sec. 49D/Chd 500/-
42. S. Harpreet Singh #3002/Sec 20-D/Chd 500/-
43. Bibi Sukhjit Kaur #2379/Sec 35C/Chd 100/-
44. Col. H.S Uppal #306/Sec 33A/Chd 20,000/-
45. S. Mahinder Singh/Mundi Kharar 100/-
46. Satkar Properties / Mundi Kharar 500/-
47. S. Kamaljit Singh/Mundi Kharar 100/-
48. S. Harjinder Singh/Mundi Kharar 100/-
49. S. Naunihal Singh/Mundi Kharar 500/-
50. S. Amarjit Singh/Mundi Kharar 100/-
51. S. Lakhwinder Singh / Mundi Kharar 100/-
52. S. Mohinder Singh Sudan Sec.33-C/Chd 500/-
53. S. Manmohan Singh #1047/44B/Chd 15,000/-
54. Sewak Charitable Trust(Regd.) SCO 1104-05 Sec. 22B,Chd 75,00/-
55. Bibi Surinder Kaur #22, Mari Gold M.Kharar 5000/-
56. Bhai Ranjit Singh/Head Granthi/29B/Chd 500/-
57. Dr. Karam Singh Raju (I.A.S.) Sec 35 30,000/-
58. Dr. Daljit Kaur #1600/Sector 34D/ Chd 7,000/-
59. Bibi Gurdeep Kaur #461/Sec.44A/ Chd 500/-
60. Bibi. Rajleen Kaur #836/Phase II/Mohali 500/-
61. Bibi. Harleen Kaur Sarna Naya Goan 500/-
62. Bibi. Harpreet Kaur #461/Sec. 44A/Chd. 500/-
63. Dr. Saranjit Singh #2817/Phase 7 2,000/-
64. Sukhmani Society/Sec. 33C/Chd 25,000/-

**ਬੇਨਤੀ**

ਆਪਣੇ ਦਸਵੰਧ ਵਿੱਚੋਂ ਵੱਧ ਤੋਂ ਵੱਧ ਮਾਇਆ ਸੋਸਾਇਟੀ ਦੇ ਕਾਰਜਾਂ ਲਈ ਭੇਜ ਕੇ ਗੁਰਮਤਿ ਪ੍ਰਸਾਰ ਵਿੱਚ ਯੋਗਦਾਨ ਪਾਓ ਤੇ ਗੁਰੂ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ। ਮਾਇਆ ਚੈੱਕ ਰਾਹੀਂ ਵੀ ਭੇਜੀ ਜਾ ਸਕਦੀ ਹੈ। ਸੋਸਾਇਟੀ ਦਾ SB A/c No.07111000004108, IFS Code: PSIB0000711 PAN No. AAATG4268N ਪੰਜਾਬ ਐਂਡ ਸਿੰਧ ਬੈਂਕ, ਸੈਕਟਰ 36, ਚੰਡੀਗੜ੍ਹ ਵਿਖੇ ਹੈ ਜੀ। ਸੋਸਾਇਟੀ ਨੂੰ ਭੇਜੀ ਗਈ ਮਾਇਆ ਤੇ Income Tax ਦੀ ਧਾਰਾ 80-G ਦੇ ਅੰਤਰਗਤ ਛੋਟ ਉਪਲਬਧ ਹੈ।